Samaj Weekly

ਸਮਾਜ ਵੀਕਲੀ

Punjabi, Hindi & English Newspaper - UK & EU Edition

Vol : 4 : # ਅੰਕ 167 12/11/2025 www.samajweekly.com samajweekly @samajweekly samajweekly

# ਦਿੱਲੀ ਧਮਾਕੇ ਦੀ ਜਾਂਚ ਐੱਨ ਆਈ ਏ ਹਵਾਲੇ

**ਨਵੀਂ ਦਿੱਲੀ ।** ਅਧਿਕਾਰੀਆਂ ਨੇ ਮੰਗਲਵਾਰ ਨੂੰ ਕਿਹਾ ਕਿ ਲਾਲ ਕਿਲ੍ਹੇ ਨੇੜੇ ਧਮਾਕੇ ਦੀ ਜਾਂਚ ਰਾਸ਼ਟਰੀ ਜਾਂਚ ਏਜੰਸੀ (ਐੱਨ ਆਈ ਏ) ਨੂੰ ਸੌਂਪ ਦਿੱਤੀ ਗਈ ਹੈ। ਉਧਰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸਥਿਤੀ ਦਾ ਮੁਲਾਂਕਣ ਕਰਨ ਲਈ ਇੱਕ ਹੋਰ ਉੱਚ-ਪੱਧਰੀ ਸੁਰੱਖਿਆ ਸਮੀਖਿਆ ਮੀਟਿੰਗ ਸੱਦੀ ਹੈ। ਦਿੱਲੀ ਪੁਲਸ ਨੇ ਮੰਗਲਵਾਰ ਨੂੰ ਲਾਲ ਕਿਲ੍ਹੇ ਨੇੜੇ ਹੋਏ ਧਮਾਕੇ ਦੇ ਮਾਮਲੇ ਵਿਚ ਗੈਰਕਾਨੂੰਨੀ ਸਰਗਰਮੀਆਂ ਰੋਕੂ ਐਕਟ ਤੇ ਵਿਸਫੋਟਕ ਐਕਟ ਤਹਿਤ ਐੱਫ ਆਈ ਆਰ ਦਰਜ ਕੀਤੀ ਹੈ। ਪੁਲਸ ਨੇ ਕੌਮੀ ਰਾਜਧਾਨੀ ਵਿੱਚ ਕਈ ਥਾਵਾਂ ’ਤੇ ਛਾਪੇਮਾਰੀ ਕੀਤੀ ਕਿਉਂਕਿ ਮੁੱਢਲੀ ਜਾਂਚ ਵਿਚ ਧਮਾਕੇ ਦੇ ਤਾਰ ਫਰੀਦਾਬਾਦ ’ਚ ਸਾਹਮਣੇ ਆਏ ਅੱਤਵਾਦੀ ਮਾਡਿਊਲ ਨਾਲ ਜੁੜੇ ਹੋਣ ਦਾ ਸੰਕੇਤ ਮਿਲਿਆ ਹੈ। ਧਮਾਕੇ ਵਿਚ ਮਰਨ ਵਾਲਿਆਂ ਦੀ ਗਿਣਤੀ ਵਧ ਕੇ 13 ਹੋ ਗਈ ਹੈ। ਕੌਮੀ ਰਾਜਧਾਨੀ ਨੂੰ ਹਾਈ ਅਲਰਟ ’ਤੇ ਰੱਖਿਆ ਗਿਆ ਹੈ। ਹਵਾਈ ਅੱਡੇ, ਰੇਲਵੇ ਸਟੇਸ਼ਨਾਂ ਅਤੇ ਬੱਸ ਟਰਮੀਨਲਾਂ ’ਤੇ ਸਖ਼ਤ ਨਿਗਰਾਨੀ ਰੱਖੀ ਜਾ ਰਹੀ ਹੈ। ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਧਮਾਕੇ ਦੇ ਸਾਜ਼ਿਸ਼ਘਾੜਿਆਂ ਨੂੰ ਨਹੀਂ ਬਖ਼ਸ਼ਿਆ ਜਾਵੇਗਾ ਤੇ ਉਨ੍ਹਾਂ ਨੂੰ ਨਿਆਂ ਦੇ ਕਟਹਿਰੇ ਵਿਚ ਖੜ੍ਹਾ ਕੀਤਾ ਜਾਵੇਗਾ। ਇਸੇ ਦੌਰਾਨ ਲਾਲ ਕਿਲ੍ਹਾ ਮੈਟਰੋ ਸਟੇਸ਼ਨ ਦੇ ਬਾਹਰ ਹੋਏ ਧਮਾਕੇ ਤੋਂ ਇੱਕ ਦਿਨ ਬਾਅਦ, ਜੰਮੂ-ਕਸ਼ਮੀਰ ਪੁਲਸ ਨੇ ਪੁੱਛਗਿੱਛ ਲਈ ਚਾਰ ਲੋਕਾਂ ਨੂੰ ਹਿਰਾਸਤ ਵਿੱਚ ਲਿਆ ਹੈ। ਜੰਮੂ-ਕਸ਼ਮੀਰ ਪੁਲਸ ਦੇ ਸੂਤਰਾਂ ਨੇ ਦੱਸਿਆ ਕਿ ਹਿਰਾਸਤ ਵਿੱਚ ਲਏ ਗਏ ਲੋਕਾਂ ਵਿੱਚ ਡਾਕਟਰ ਉਮਰ ਨਬੀ ਦਾ ਭਰਾ ਵੀ ਸ਼ਾਮਲ ਹੈ, ਜੋ ਜੰਮੂ ਕਸ਼ਮੀਰ ਪੁਲਸ ਵੱਲੋਂ ਫਰੀਦਾਬਾਦ ਵਿੱਚ ਉਸੇ ਅਲ-ਫਲਾਹ ਯੂਨੀਵਰਸਿਟੀ ਵਿੱਚ ਕੰਮ ਕਰਨ ਵਾਲੇ ਇੱਕ ਹੋਰ ਡਾਕਟਰ ਨੂੰ ਫੜਨ ਅਤੇ ਇੱਕ ਅੱਤਵਾਦੀ ਮਾਡਿਊਲ ਦਾ ਪਰਦਾਫਾਸ਼ ਕਰਨ ਤੋਂ ਬਾਅਦ ਫਰਾਰ ਹੋ ਗਿਆ ਸੀ। ਸੂਤਰਾਂ ਨੇ ਕਿਹਾ ਕਿ ਦਿੱਲੀ ਵਿਚ ਸੋਮਵਾਰ ਨੂੰ ਹੋਏ ਧਮਾਕੇ ਨੂੰ ਜੰਮੂ-ਕਸ਼ਮੀਰ ਪੁਲੀਸ ਵੱਲੋਂ ਬੇਨਕਾਬ ਕੀਤੇ ਗਏ ਅਤਿਵਾਦੀ ਮਾਡਿਊਲ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਵਿੱਚ ਡਾਕਟਰ ਮੁਜ਼ਾਮਿਲ ਅਹਿਮਦ ਗਨਾਈ ਉਰਫ਼ ਮੁਸਾਇਬ ਵੀ ਸ਼ਾਮਲ ਹੈ, ਜੋ ਪੁਲਵਾਮਾ ਦੇ



ਕੋਇਲ ਦਾ ਰਹਿਣ ਵਾਲਾ ਸੀ ਅਤੇ ਪਿਛਲੇ ਸਾਢੇ ਤਿੰਨ ਸਾਲਾਂ ਤੋਂ ਫਰੀਦਾਬਾਦ ਦੇ ਧੌਜ ਵਿੱਚ ਯੂ ਜੀ ਸੀ-ਮਾਨਤਾ ਪ੍ਰਾਪਤ ਅਲ-ਫਲਾਹ ਯੂਨੀਵਰਸਿਟੀ ਵਿੱਚ ਕੰਮ ਕਰ ਰਿਹਾ ਸੀ। ਯੂ ਪੀ ਦੀ ਇੱਕ ਮਹਿਲਾ ਡਾਕਟਰ ਅਤੇ ਯੂਨੀਵਰਸਿਟੀ ਦੇ ਹਸਪਤਾਲ ਵਿੱਚ ਕੰਮ ਕਰਨ ਵਾਲੀ ਸ਼ਾਹੀਨ ਸ਼ਾਹਿਦ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਸ ਸੂਤਰਾਂ ਨੇ ਮੰਗਲਵਾਰ ਨੂੰ ਕਿਹਾ ਕਿ ਇਸ ਗੱਲ ਦੀ ਸੰਭਾਵਨਾ ਹੈ ਕਿ ਉਮਰ ਹੀ ਸੋਮਵਾਰ ਸ਼ਾਮ ਨੂੰ ਆਈ-20 ਕਾਰ ਚਲਾ ਰਿਹਾ ਸੀ। ਇੱਕ ਅਧਿਕਾਰੀ ਨੇ ਕਿਹਾ, ‘ਉਮਰ ਦੀ ਭੂਮਿਕਾ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਜਾਂਚ ਜਾਰੀ ਹੈ।’ ਅਧਿਕਾਰੀਆਂ ਨੇ ਕਿਹਾ ਕਿ ਜੰਮੂ-ਕਸ਼ਮੀਰ ਪੁਲਸ ਵੱਲੋਂ ਮੁਜ਼ਾਮਿਲ ਨੂੰ ਗ੍ਰਿਫ਼ਤਾਰ ਕਰਨ ਤੋਂ ਬਾਅਦ, ਉਮਰ ਫਰਾਰ ਹੈ। ਪੁਲਸ ਅਨੁਸਾਰ ਸੋਮਵਾਰ ਨੂੰ ਦਿੱਲੀ ਵਿਚ ਧਮਾਕੇ ਲਈ ਵਰਤੀ ਗਈ ਕਾਰ ਦੀ ਮਾਲਕੀ ਦਾ ਪਤਾ ਲਗਾਉਂਦੇ ਹੋਏ ਦੱਖਣੀ ਕਸ਼ਮੀਰ ਵਿੱਚ ਉਪਰੋਕਤ ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਇੱਕ ਪੁਲਸ ਅਧਿਕਾਰੀ ਨੇ ਕਿਹਾ ਕਿ ਦੱਖਣੀ ਕਸ਼ਮੀਰ ਦੇ ਪੁਲਵਾਮਾ ਜ਼ਿਲ੍ਹੇ ਦੇ ਅਮੀਰ ਰਸ਼ੀਦ, ਜਿਸ ਦੇ ਆਧਾਰ ਕਾਰਡ ਨੂੰ ਕਾਰ ਖਰੀਦਣ ਵੇਲੇ ਵਰਤਿਆ ਗਿਆ ਸੀ, ਤੋਂ ਵੀ ਪੁੱਛਗਿੱਛ ਕੀਤੀ ਜਾ ਰਹੀ ਹੈ। ਉੱਤਰ ਪ੍ਰਦੇਸ਼ ਦੇ ਸ਼ਾਮਲੀ ਜ਼ਿਲ੍ਹੇ ਦਾ 18 ਸਾਲਾ ਨੌਮਾਨ ਅੰਸਾਰੀ ਜੋ ਆਪਣੀ ਦੁਕਾਨ ਲਈ ਕਾਸਮੈਟਿਕਸ ਖਰੀਦਣ ਦਿੱਲੀ ਆਇਆ ਸੀ, ਦਿੱਲੀ ਦੇ ਲਾਲ ਕਿਲ੍ਹੇ ਨੇੜੇ ਹੋਏ ਜ਼ਬਰਦਸਤ ਧਮਾਕੇ ’ਚ ਮਾਰਿਆ ਗਿਆ। ਨੌਮਾਨ ਦੀ ਮੌਕੇ ’ਤੇ ਹੀ ਮੌਤ ਹੋ ਗਈ, ਜਦੋਂ ਕਿ ਉਸ ਦਾ ਚਚੇਰਾ ਭਰਾ ਅਮਨ ਜ਼ਖਮੀ ਹੋ ਗਿਆ ਅਤੇ ਦਿੱਲੀ ਦੇ ਲੋਕ ਨਾਇਕ ਹਸਪਤਾਲ ਵਿੱਚ ਜ਼ੇਰੇ ਇਲਾਜ ਹੈ। ਮਾਰੇ ਗਏ ਲੋਕਾਂ ਵਿੱਚ ਇੱਕ ਡੀ.ਟੀ.ਸੀ. ਕੰਡਕਟਰ ਅਸ਼ੋਕ ਕੁਮਾਰ (34) ਵੀ ਸ਼ਾਮਲ ਹੈ, ਜੋ ਅਮਰੋਹਾ ਜ਼ਿਲ੍ਹੇ ਦਾ ਰਹਿਣ ਵਾਲਾ ਸੀ। ਇੱਕ ਹੋਰ ਮ੍ਰਿਤਕ ਦੀ ਪਛਾਣ 22 ਸਾਲਾ ਪੰਕਜ ਸਾਹਨੀ ਵਜੋਂ ਹੋਈ ਹੈ, ਜੋ ਟੈਕਸੀ ਚਲਾਉਂਦਾ ਸੀ।

# ਸਾਡਾ ਦੇਸ਼ ਇਕ ਹੈ: ਸੁਪਰੀਮ ਕੋਰਟ

## ਦਿੱਲੀ ’ਚ ਕੇਰਲ ਦੇ ਵਿਦਿਆਰਥੀਆਂ ਉਤੇ ਹੋਏ ਹਮਲੇ ਉਤੇ ਚਿੰਤਾ ਜ਼ਾਹਰ ਕੀਤੀ

**ਨਵੀਂ ਦਿੱਲੀ।** ਸੁਪਰੀਮ ਕੋਰਟ ਨੇ ਕੇਰਲ ਦੇ ਦੋ ਵਿਦਿਆਰਥੀਆਂ ਉਤੇ ਹਾਲ ਹੀ ’ਚ ਹੋਈ ਹਮਲੇ ਦੀ ਘਟਨਾ ਉਤੇ ਚਿੰਤਾ ਜ਼ਾਹਰ ਕਰਦਿਆਂ ਕਿਹਾ ਕਿ ‘ਸਾਡਾ ਦੇਸ਼ ਇਕ ਹੈ।’ ਇਸ ਘਟਨਾ ’ਚ, ਕੇਰਲ ਦੇ ਦੋ ਵਿਦਿਆਰਥੀਆਂ ਨੂੰ ਲਾਲ ਕਿਲ੍ਹੇ ਨੇੜੇ ਪੁਲਿਸ ਅਤੇ ਸਥਾਨਕ ਲੋਕਾਂ ਨੇ ਕਥਿਤ ਤੌਰ ਉਤੇ ਕੁੱਟਿਆ, ਉਨ੍ਹਾਂ ਨੂੰ ਹਿੰਦੀ ਬੋਲਣ ਲਈ ‘ਮਜਬੂਰ’ ਕੀਤਾ ਅਤੇ ਕੇਰਲ ਦੇ ਰਵਾਇਤੀ ਪਹਿਰਾਵੇ ਪਹਿਨਣ ਲਈ ਉਨ੍ਹਾਂ ਦਾ ਮਜ਼ਾਕ ਉਡਾਇਆ। ਜਸਟਿਸ ਸੰਜੇ ਕੁਮਾਰ ਅਤੇ ਜਸਟਿਸ ਆਲੋਕ ਅਰਾਧੇ ਦੀ ਬੈਂਚ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦਾ ਦੁੱਖ ਹੈ ਕਿ ਇਸ ਦੇਸ਼ ਵਿਚ ਸਭਿਆਚਾਰਕ ਅਤੇ ਨਸਲੀ ਮਤਭੇਦਾਂ ਕਾਰਨ ਲੋਕਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਦਿੱਲੀ ਯੂਨੀਵਰਸਿਟੀ ਦੇ ਜ਼ਾਕਿਰ ਹੁਸੈਨ ਕਾਲਜ ਦੇ ਪਹਿਲੇ ਸਾਲ ਦੇ ਦੋ ਵਿਦਿਆਰਥੀਆਂ ਉਤੇ ਕਥਿਤ ਤੌਰ ਉਤੇ ਹਮਲਾ ਕੀਤਾ ਗਿਆ, ਉਨ੍ਹਾਂ ਨੂੰ ਹਿੰਦੀ ਬੋਲਣ ਲਈ ਮਜਬੂਰ ਕੀਤਾ ਗਿਆ ਅਤੇ ‘ਲੂੰਗੀ’ ਪਹਿਨਣ ਦਾ ਮਜ਼ਾਕ ਉਡਾਇਆ ਗਿਆ ਸੀ। ਸੁਪਰੀਮ ਕੋਰਟ 2015 ਵਿਚ



ਉੱਤਰ-ਪੂਰਬ ਦੇ ਲੋਕਾਂ ਉਤੇ ਹੋਏ ਹਮਲਿਆਂ ਦੇ ਮੱਦੇਨਜ਼ਰ ਦਾਇਰ ਪਟੀਸ਼ਨ ਉਤੇ ਸੁਣਵਾਈ ਕਰ ਰਹੀ ਸੀ। ਇਸ ਵਿਚ ਅਰੁਣਾਚਲ ਪ੍ਰਦੇਸ਼ ਦੇ ਵਿਦਿਆਰਥੀ ਨਿਡੋ ਤਾਨੀਆ ਦੀ ਦਿੱਲੀ ਵਿਚ ਮੌਤ ਵੀ ਸ਼ਾਮਲ ਹੈ। ਅਦਾਲਤ ਨੇ ਕੇਂਦਰ ਨੂੰ ਇਸ ਮਾਮਲੇ ਉਤੇ ਇਕ ਕਮੇਟੀ ਦਾ ਗਠਨ ਕਰਨ ਦੇ ਹੁਕਮ ਦਿਤੇ ਸਨ ਅਤੇ ਕਿਹਾ ਸੀ ਕਿ ਕਮੇਟੀ ਨੂੰ ਨਸਲੀ ਵਿਤਕਰੇ, ਨਸਲੀ ਤਸ਼ੱਦਦ ਅਤੇ ਨਸਲੀ ਹਿੰਸਾ ਦੀਆਂ ਘਟਨਾਵਾਂ ਉਤੇ ਸਖ਼ਤ ਕਾਰਵਾਈ ਕਰਨ ਅਤੇ ਅਜਿਹੇ ਨਫ਼ਰਤ ਅਤੇ ਨਸਲੀ ਅਪਰਾਧਾਂ ਨੂੰ ਰੋਕਣ ਲਈ ਉਪਾਅ ਸੁਝਾਉਣ ਦਾ ਅਧਿਕਾਰ ਦਿਤਾ ਜਾਵੇਗਾ। ਮੰਗਲਵਾਰ ਦੀ ਸੁਣਵਾਈ ਦੌਰਾਨ ਕੇਂਦਰ ਵਲੋਂ ਪੇਸ਼ ਹੋਏ ਐਡੀਸ਼ਨਲ ਸਾਲਿਸਿਟਰ ਜਨਰਲ ਕੇ.ਐਮ. ਨਟਰਾਜ ਨੇ ਦਲੀਲ ਦਿਤੀ ਕਿ ਇਕ ਨਿਗਰਾਨੀ ਕਮੇਟੀ ਦਾ ਗਠਨ ਪਹਿਲਾਂ ਹੀ ਕੀਤਾ ਜਾ ਚੁੱਕਾ ਹੈ ਅਤੇ ਪਟੀਸ਼ਨ ਵਿਚ ਕੁੱਝ ਵੀ ਨਹੀਂ ਬਚਿਆ ਹੈ। ਪਟੀਸ਼ਨਰ ਵਲੋਂ ਪੇਸ਼ ਹੋਏ ਵਕੀਲ ਨੇ ਇਸ ਦਲੀਲ ਦਾ ਵਿਰੋਧ ਕੀਤਾ ਅਤੇ ਦਲੀਲ ਦਿਤੀ ਕਿ ਉੱਤਰ-ਪੂਰਬ ਦੇ ਲੋਕਾਂ ਵਿਰੁਧ ਨਸਲੀ ਵਿਤਕਰੇ ਅਤੇ ਬੇਦਖਲੀ ਦੀਆਂ ਘਟਨਾਵਾਂ ਲਗਾਤਾਰ ਹੋ ਰਹੀਆਂ ਹਨ। ਬੈਂਚ ਨੇ ਐਡੀਸ਼ਨਲ ਸਾਲਿਸਿਟਰ ਜਨਰਲ ਨੂੰ ਕਿਹਾ, ‘‘ਅਸੀਂ ਹਾਲ ਹੀ ਵਿਚ ਅਖਬਾਰ ਵਿਚ ਪੜ੍ਹਿਆ ਸੀ ਕਿ ਕੇਰਲ ਦੇ ਇਕ ਵਿਅਕਤੀ ਦਾ ਦਿੱਲੀ ਵਿਚ ਲੂੰਗੀ ਪਹਿਨਣ ਲਈ ਮਜ਼ਾਕ ਉਡਾਇਆ ਗਿਆ ਸੀ। ਇਹ ਉਸ ਦੇਸ਼ ਵਿਚ ਅਸਵੀਕਾਰਨਯੋਗ ਹੈ ਜਿੱਥੇ ਲੋਕ ਸਦਭਾਵਨਾ ਨਾਲ ਰਹਿੰਦੇ ਹਨ। ਤੁਹਾਨੂੰ ਇਸ ਬਾਰੇ ਹੋਰ ਚਿੰਤਤ ਹੋਣਾ ਚਾਹੀਦਾ ਹੈ। ਅਸੀਂ ਇਕ ਦੇਸ਼ ਹਾਂ।’’ ਪਟੀਸ਼ਨਕਰਤਾ ਦੇ ਵਕੀਲ ਨੇ ਸੁਪਰੀਮ ਕੋਰਟ ਨੂੰ ਦਸਿਆ ਕਿ ਨਿਗਰਾਨੀ ਕਮੇਟੀ ਨੂੰ ਹਰ ਤਿਮਾਹੀ ਵਿਚ ਮੀਟਿੰਗ ਕਰਨੀ ਚਾਹੀਦੀ ਹੈ ਪਰ ਇਸ ਦੀ ਨੌਂ ਸਾਲਾਂ ਵਿਚ ਸਿਰਫ 14 ਵਾਰ ਮੀਟਿੰਗ ਹੋਈ ਹੈ। ਸੁਪਰੀਮ ਕੋਰਟ ਨੇ ਹੁਣ ਪਟੀਸ਼ਨਕਰਤਾ ਨੂੰ ਕੇਂਦਰ ਵਲੋਂ ਦਾਇਰ ਕੀਤੀ ਸਟੇਟਸ ਰੀਪੋਰਟ ਦਾ ਜਵਾਬ ਦਾਇਰ ਕਰਨ ਲਈ ਕਿਹਾ ਹੈ।

# ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ ’ਚ ਵੱਡਾ ਧਮਾਕਾ

**ਇਸਲਾਮਾਬਾਦ।** ਪਾਕਿਸਤਾਨ ਵਿੱਚ ਇੱਕ ਵੱਡਾ ਧਮਾਕਾ ਹੋਇਆ ਹੈ। ਮੰਗਲਵਾਰ ਦੁਪਹਿਰ ਨੂੰ ਇਸਲਾਮਾਬਾਦ ਸਥਾਨਕ ਅਦਾਲਤ ਦੇ ਬਾਹਰ ਇੱਕ ਵੱਡਾ ਧਮਾਕਾ ਹੋਇਆ। ਪਾਕਿਸਤਾਨੀ ਮੀਡੀਆ ਰਿਪੋਰਟਾਂ ਅਨੁਸਾਰ, ਧਮਾਕੇ ਵਿੱਚ ਘੱਟੋ-ਘੱਟ 12 ਲੋਕ ਮਾਰੇ ਗਏ, ਜਦੋਂ ਕਿ 20 ਤੋਂ 25 ਹੋਰ ਗੰਭੀਰ ਜ਼ਖਮੀ ਹੋ ਗਏ। ਜ਼ਖਮੀਆਂ ਨੂੰ ਨੇੜਲੇ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਧਮਾਕੇ ਤੋਂ ਬਾਅਦ, ਪੂਰੇ ਪਾਕਿਸਤਾਨ ਵਿੱਚ ਹਾਈ ਅਲਰਟ ਜਾਰੀ ਕੀਤਾ ਗਿਆ ਹੈ। ਇਹ ਧਮਾਕਾ ਅਦਾਲਤ ਕੰਪਲੈਕਸ ਦੇ ਪਾਰਕਿੰਗ ਖੇਤਰ ਵਿੱਚ ਖੜ੍ਹੀ ਇੱਕ ਕਾਰ ਵਿੱਚ ਸਿਲੰਡਰ ਫਟਣ ਕਾਰਨ ਹੋਇਆ ਦੱਸਿਆ ਜਾ ਰਿਹਾ ਹੈ। ਧਮਾਕੇ ਦੀ ਤੇਜ਼ ਆਵਾਜ਼ ਦੂਰ-ਦੂਰ ਤੱਕ ਸੁਣਾਈ ਦਿੱਤੀ,



ਜਿਸ ਕਾਰਨ ਆਲੇ-ਦੁਆਲੇ ਦੇ ਇਲਾਕੇ ਵਿੱਚ ਦਹਿਸ਼ਤ ਫੈਲ ਗਈ। ਪਾਕਿਸਤਾਨੀ ਮੀਡੀਆ ਰਿਪੋਰਟਾਂ ਅਨੁਸਾਰ, ਅਧਿਕਾਰੀਆਂ ਨੇ ਦੱਸਿਆ ਕਿ ਮੰਗਲਵਾਰ ਨੂੰ ਇਸਲਾਮਾਬਾਦ ਦੇ ਸੈਕਟਰ ਜੀ-11 ਵਿੱਚ ਸਥਿਤ ਅਦਾਲਤ ਕੰਪਲੈਕਸ ਵਿੱਚ ਇੱਕ ਸ਼ਕਤੀਸ਼ਾਲੀ ਸਿਲੰਡਰ ਧਮਾਕਾ ਹੋਇਆ। ਸਥਾਨਕ ਪੁਲਿਸ ਦੇ ਅਨੁਸਾਰ, ਧਮਾਕਾ ਉਸ ਸਮੇਂ ਹੋਇਆ ਜਦੋਂ ਅਦਾਲਤ ਕੰਪਲੈਕਸ ਵਿੱਚ ਭੀੜ ਸੀ। ਉਨ੍ਹਾਂ ਦੱਸਿਆ ਕਿ ਧਮਾਕੇ ਵਿੱਚ ਕਈ ਵਕੀਲ ਅਤੇ ਨਾਗਰਿਕ ਜ਼ਖਮੀ ਹੋਏ ਹਨ। ਰਿਪੋਰਟਾਂ ਅਨੁਸਾਰ, ਪੁਲਿਸ ਅਤੇ ਬਚਾਅ ਟੀਮਾਂ ਮੌਕੇ 'ਤੇ ਪਹੁੰਚ ਗਈਆਂ ਹਨ। ਜਨਤਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਪੂਰੇ ਖੇਤਰ ਨੂੰ ਘੇਰ ਲਿਆ ਗਿਆ ਹੈ।

## ਮੁਅੱਤਲ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਦਾ ਮੁੜ ਵਧਿਆ ਰਿਮਾਂਡ

**ਚੰਡੀਗੜ੍ਹ ।** ਭ੍ਰਿਸ਼ਟਾਚਾਰ ਦੇ ਮਾਮਲੇ ’ਚ ਗ੍ਰਿਫਤਾਰ ਪੰਜਾਬ ਪੁਲਿਸ ਦੇ ਮੁਅੱਤਲ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਨੂੰ ਅੱਜ ਦੂਜੀ ਵਾਰੀ ਪੰਜ ਦਿਨ ਦਾ ਰਿਮਾਂਡ ਖਤਮ ਹੋਣ ਤੋਂ ਬਾਅਦ ਅਦਾਲਤ ਵਿਚ ਪੇਸ਼ ਕੀਤਾ ਗਿਆ। ਸੁਣਵਾਈ ਤੋਂ ਬਾਅਦ ਅਦਾਲਤ ਨੇ ਹਰਚਰਨ ਸਿੰਘ ਭੁੱਲਰ ਨੂੰ 20 ਨਵੰਬਰ ਤੱਕ ਨਿਆਂਇਕ ਹਿਰਾਸਤ ਵਿਚ ਭੇਜ ਦਿੱਤਾ ਹੈ। ਜ਼ਿਕਰਯੋਗ ਹੈ ਕਿ ਹਰਚਰਨ ਸਿੰਘ ਭੁੱਲਰ ਨੂੰ ਭ੍ਰਿਸ਼ਟਾਚਾਰ ਦੇ ਮਾਮਲੇ ’ਚ ਸੀ.ਬੀ.ਆਈ. ਨੇ ਗ੍ਰਿਫ਼ਤਾਰ ਕੀਤਾ ਗਿਆ। ਇਸ ਤੋਂ ਬਾਅਦ ਉਨ੍ਹਾਂ ਵਿਚੋਲੀਏ ਤ੍ਰਿਸ਼ਾਨੂੰ ਨੂੰ ਵੀ ਸੀ.ਬੀ.ਆਈ. ਵੱਲੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਤੋਂ ਪਹਿਲਾਂ ਵੀ ਸੀ.ਬੀ.ਆਈ. ਵੱਲੋਂ ਵੀ ਭੁੱਲਰ ਨੂੰ ਪੰਜ ਦਿਨ ਦੇ ਰਿਮਾਂਡ ’ਤੇ ਲਿਆ ਗਿਆ ਸੀ। ਜ਼ਿਕਰਯੋਗ ਹੈ ਕਿ ਹਰਚਰਨ ਭੁੱਲਰ ਦੇ ਘਰੋਂ ਅਤੇ ਹੋਰ ਥਾਵਾਂ ਤੋਂ ਸਾਢੇ



ਸੱਤ ਕਰੋੜ ਰੁਪਏ ਦੀ ਨਗਦੀ, ਢਾਈ ਕਿਲੋ ਸੋਨਾ, ਲਗਜ਼ਰੀ ਕਾਰਾਂ, 22 ਲਗਜ਼ਰੀ ਘੜੀਆਂ, 40 ਲਿਟਰ ਵਿਦੇਸ਼ੀ ਸ਼ਰਾਬ ਸਮੇਤ ਹੋਰ ਕਾਫ਼ੀ ਕੁੱਝ ਵੀ ਬਰਾਮਦ ਹੋਇਆ ਸੀ।

## ਸਰਹੱਦ ਪਾਰੋਂ ਹਥਿਆਰਾਂ ਦੀ ਤਸਕਰੀ ਕਰਨ ਵਾਲੇ ਨੈੱਟਵਰਕ ਦਾ ਪਰਦਾਫਾਸ਼

**ਚੰਡੀਗੜ੍ਹ/ਫਿਰੋਜ਼ਪੁਰ।** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਵਿੱਢੀ ਮੁਹਿੰਮ ਦੌਰਾਨ ਖੁਫੀਆ ਜਾਣਕਾਰੀ ‘ਤੇ ਕਾਰਵਾਈ ਕਰਦਿਆਂ ਫਿਰੋਜ਼ਪੁਰ ਪੁਲਿਸ ਨੇ ਸਰਹੱਦ ਪਾਰੋਂ ਹਥਿਆਰਾਂ ਦੀ ਤਸਕਰੀ ਕਰਨ ਵਾਲੇ ਨੈੱਟਵਰਕ ਦੇ ਦੋ ਕਾਰਕੁਨਾਂ ਨੂੰ ਚਾਰ 9 ਐਮਐਮ ਗਲੌਕ ਪਿਸਤੌਲਾਂ, ਚਾਰ ਮੈਗਜ਼ੀਨਾਂ ਅਤੇ ਚਾਰ ਜ਼ਿੰਦਾ ਕਾਰਤੂਸਾਂ ਸਮੇਤ ਗ੍ਰਿਫ਼ਤਾਰ ਕਰਕੇ ਇਸ ਨੈੱਟਵਰਕ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਗੁਰਪ੍ਰੀਤ ਸਿੰਘ ਉਰਫ਼ ਗੋਰੀ ਵਾਸੀ ਪਿੰਡ ਰੁਹੇਲਾ ਹਾਜ਼ੀ, ਫਿਰੋਜ਼ਪੁਰ ਅਤੇ ਵਿਕਰਮਜੀਤ ਸਿੰਘ ਉਰਫ਼ ਵਿੱਕੀ ਵਾਸੀ ਜਲਾਲਾਬਾਦ, ਫਾਜ਼ਿਲਕਾ ਵਜੋਂ ਹੋਈ ਹੈ। ਹਥਿਆਰ ਬਰਾਮਦ ਕਰਨ ਤੋਂ ਇਲਾਵਾ, ਪੁਲਿਸ ਟੀਮਾਂ ਨੇ ਉਨ੍ਹਾਂ ਦਾ ਹੀਰੋ ਡੀਲਕਸ ਮੋਟਰਸਾਈਕਲ (ਪੀਬੀ 05 ਏਕੇ 9761) ਜਿਸ 'ਤੇ ਉਹ ਸਵਾਰ ਸਨ, ਵੀ ਜ਼ਬਤ ਕਰ ਲਿਆ ਹੈ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਦੋਸ਼ੀ ਵਿਕਰਮਜੀਤ ਸਿੰਘ ਦੇ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਕਰਨ ਵਾਲੇ ਪਾਕਿਸਤਾਨ




ਅਧਾਰਤ ਤਸਕਰ ਨਾਲ ਸਿੱਧੇ ਸਬੰਧ ਸਨ। ਉਨ੍ਹਾਂ ਕਿਹਾ ਕਿ ਦੋਸ਼ੀ ਵਿਕਰਮਜੀਤ ਨੇ ਇਹ ਵੀ ਕਬੂਲਿਆ ਹੈ ਕਿ ਉਹ ਆਪਣੇ ਪਾਕਿਸਤਾਨੀ ਹੈਂਡਲਰਾਂ ਦੇ ਨਿਰਦੇਸ਼ਾਂ 'ਤੇ ਸਥਾਨਕ ਸੰਪਰਕਾਂ ਨੂੰ ਹਥਿਆਰ ਸਪਲਾਈ ਕਰਦਾ ਸੀ।

ਡੀਜੀਪੀ ਨੇ ਦੱਸਿਆ ਕਿ ਵਿਕਰਮਜੀਤ ਦੀ ਗ੍ਰਿਫ਼ਤਾਰੀ ਨਾਲ ਸਰਹੱਦ ਪਾਰੋਂ ਹਥਿਆਰ ਤਸਕਰੀ ਕਰਨ ਵਾਲੇ ਇਸੇ ਨੈੱਟਵਰਕ ਵੱਲੋਂ ਭੇਜੀ ਇੱਕ ਏਕੇ-47 ਅਸਾਲਟ ਰਾਈਫਲ ਦੀ ਬਰਾਮਦਗੀ ਨਾਲ ਸਬੰਧਤ ਇੱਕ ਪੁਰਾਣੇ ਮਾਮਲੇ ਨੂੰ ਟਰੇਸ ਕਰਨ ਵਿੱਚ ਵੀ ਮਦਦ ਮਿਲੀ ਹੈ। ਉਨ੍ਹਾਂ ਅੱਗੇ ਕਿਹਾ ਕਿ ਇਸ ਮਾਮਲੇ ਵਿੱਚ ਅਗਲੇ-ਪਿਛਲੇ ਸਬੰਧ ਸਥਾਪਤ ਕਰਨ ਲਈ ਹੋਰ ਜਾਂਚ ਜਾਰੀ ਹੈ।

ਸੀਨੀਅਰ ਸੁਪਰਡੈਂਟ ਆਫ਼ ਪੁਲਿਸ (ਐਸਐਸਪੀ) ਫਿਰੋਜ਼ਪੁਰ ਭੁਪਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਭਰੋਸੇਯੋਗ ਸੂਹਾਂ 'ਤੇ ਤੁਰੰਤ ਕਾਰਵਾਈ ਕਰਦਿਆਂ, ਪੁਲਿਸ ਟੀਮਾਂ ਨੇ ਬਸਤੀ ਬੂਟੇ ਵਾਲਾ ਤੋਂ ਦੋਵਾਂ ਮੁਲਜ਼ਮਾਂ ਨੂੰ ਦੋ ਗਲੌਕ ਪਿਸਤੌਲਾਂ ਸਮੇਤ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਕਿਹਾ ਕਿ ਦੋਸ਼ੀਆਂ ਵੱਲੋਂ ਕੀਤੇ ਖੁਲਾਸੇ 'ਤੇ, ਪੁਲਿਸ ਟੀਮਾਂ ਨੇ ਉਨ੍ਹਾਂ ਦੁਆਰਾ ਦੱਸੇ ਗਏ ਟਿਕਾਣਿਆਂ ਤੋਂ ਦੋ ਹੋਰ ਗਲੌਕ ਪਿਸਤੌਲ ਬਰਾਮਦ ਕੀਤੇ।ਐਸਐਸਪੀ ਨੇ ਦੱਸਿਆ ਕਿ ਜ਼ਬਤ ਕੀਤੇ ਡਿਜੀਟਲ ਡਿਵਾਈਸਾਂ ਦਾ ਤਕਨੀਕੀ ਵਿਸ਼ਲੇਸ਼ਣ ਕੀਤਾ ਜਾ ਰਿਹਾ ਹੈ ਤਾਂ ਜੋ ਪੂਰੀ ਸਪਲਾਈ ਚੇਨ - ਜਿਸ ਵਿੱਚ ਵਿਦੇਸ਼ੀ ਹੈਂਡਲਰ ਅਤੇ ਸਥਾਨਕ ਸਹਿਯੋਗੀ ਸ਼ਾਮਲ ਹਨ, ਦਾ ਪਰਦਾਫਾਸ਼ ਕੀਤਾ ਜਾ ਸਕੇ। ਉਨ੍ਹਾਂ ਅੱਗੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਹੋਰ ਗ੍ਰਿਫਤਾਰੀਆਂ ਅਤੇ ਬਰਾਮਦਗੀਆਂ ਹੋਣ ਦੀ ਸੰਭਾਵਨਾ ਹੈ।ਇਸ ਸਬੰਧੀ, ਐਫਆਈਆਰ ਨੰਬਰ 177 ਮਿਤੀ 8.11.2025 ਨੂੰ ਥਾਣਾ ਸਦਰ ਜ਼ੀਰਾ, ਫਿਰੋਜ਼ਪੁਰ ਵਿਖੇ ਅਸਲਾ ਐਕਟ ਦੀ ਧਾਰਾ 25 ਤਹਿਤ ਦਰਜ ਕੀਤੀ ਗਈ ਹੈ।

## ਛੱਤੀਸਗੜ੍ਹ: ਸੁਰੱਖਿਆ ਬਲਾਂ ਨਾਲ ਮੁਕਾਬਲਾ; ਛੇ ਨਕਸਲੀ ਹਲਾਕ



**ਬੀਜਾਪੁਰ।** ਛੱਤੀਸਗੜ੍ਹ ਦੇ ਬੀਜਾਪੁਰ ਜ਼ਿਲ੍ਹੇ ਵਿੱਚ ਅੱਜ ਸੁਰੱਖਿਆ ਬਲਾਂ ਅਤੇ ਨਕਸਲੀਆਂ ਦਰਮਿਆਨ ਮੁਕਾ-ਬਲਾ ਹੋਇਆ ਜਿਸ ਵਿਚ ਛੇ ਨਕਸਲੀ ਮਾਰੇ ਗਏ। ਇੱਕ ਪੁਲੀਸ ਅਧਿਕਾਰੀ ਨੇ ਦੱਸਿਆ ਕਿ ਦੋਵਾਂ ਦਰਮਿਆਨ ਗੋਲੀਬਾਰੀ ਅੱਜ ਸਵੇਰੇ ਇੰਦਰਾਵਤੀ ਰਾਸ਼ਟਰੀ ਪਾਰਕ ਦੇ ਜੰਗਲ ਵਿੱਚ ਉਦੋਂ ਸ਼ੁਰੂ ਹੋਈ ਜਦੋਂ ਇਹ ਜਾਣਕਾਰੀ ਮਿਲੀ ਕਿ ਸਿਖਰਲੇ ਨਕਸਲੀ ਆਗੂ ਇਸ ਖੇਤਰ ਵਿਚ ਮੌਜੂਦ ਹਨ। ਇਸ ਤੋਂ ਬਾਅਦ ਜਦੋਂ ਸੁਰੱਖਿਆ ਬਲਾਂ ਦੀ ਇੱਕ ਟੀਮ ਨਕਸਲ ਵਿਰੋਧੀ ਕਾਰਵਾਈ ਕਰ ਰਹੀ ਸੀ ਤਾਂ ਨਕਸਲੀਆਂ ਨੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਉਨ੍ਹਾਂ ਕਿਹਾ ਕਿ ਰੁਕ-ਰੁਕ ਕੇ ਗੋਲੀਬਾਰੀ ਹੁੰਦੀ ਰਹੀ ਤੇ ਇਸ ਦੌਰਾਨ ਸੁਰੱਖਿਆ ਬਲਾਂ ਨੇ ਛੇ ਨਕਸਲੀਆਂ ਨੂੰ ਮਾਰ ਦਿੱਤਾ। ਇਸ ਤੋਂ ਬਾਅਦ ਪੂਰੇ ਖੇਤਰ ਦੀ ਤਲਾਸ਼ੀ ਮੁਹਿੰਮ ਜਾਰੀ ਹੈ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਨਿਠਾਰੀ ਕਾਂਡ ਦੇ ਦੋਸ਼ੀ ਸੁਰਿੰਦਰ ਕੋਲੀ ਨੂੰ ਕੀਤਾ ਬਰੀ





**ਨਵੀਂ ਦਿੱਲੀ** । ਨਵੀਂ ਦਿੱਲੀ : ਸੁਪਰੀਮ ਕੋਰਟ ਨੇ 2006 ਦੇ ਨਿਠਾਰੀ ਸੀਰੀਅਲ ਕਿਲਿੰਗ ਕੇਸ ’ਚ ਦੋਸ਼ੀ ਸੁਰਿੰਦਰ ਕੋਲੀ ਨੂੰ ਬਰੀ ਕਰ ਦਿੱਤਾ ਹੈ ਅਤੇ ਉਸਦੀ ਸਜ਼ਾ ਰੱਦ ਕਰ ਦਿੱਤੀ ਹੈ। ਸੁਪਰੀਮ ਕੋਰਟ ਨੇ ਹੁਕਮ ਦਿੱਤਾ ਹੈ ਕਿ ਜੇਕਰ ਉਹ ਕਿਸੇ ਹੋਰ ਕੇਸ ਵਿਚ ਲੋੜੀਂਦਾ ਨਹੀਂ ਹੈ ਤਾਂ ਉਸ ਨੂੰ ਤੁਰੰਤ ਰਿਹਾਅ ਕਰ ਦਿੱਤਾ ਜਾਵੇ। ਕੋਲੀ ਨਿਠਾਰੀ ਹੱਤਿਆ ਕਾਂਡ ਦੇ ਹੋਰ ਮਾਮਲਿਆਂ ’ਚ ਪਹਿਲਾਂ ਹੀ ਬਰੀ ਹੋ ਚੁੱਕਿਆ ਹੈ। ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਸੁਰਿੰਦਰ ਕੋਲੀ ਨੂੰ ਨਿਠਾਰੀ ਕਤਲ ਮਾਮਲੇ ਦੇ ਇਕ ਕੇਸ ’ਚੋਂ ਬਰੀ ਕਰ ਦਿੱਤਾ। ਕੋਰਟ ਨੇ ਉਸਦੀ ਸਜ਼ਾ ਨੂੰ ਚੁਣੌਤੀ ਦੇਣ ਵਾਲੀ ਕਿਊਰੇਟਿਵ ਪਟੀਸ਼ਨ ਮਨਜ਼ੂਰ ਕਰ ਲਈ ਹੈ, ਜਿਸ ਨਾਲ ਉਸ ਦੀ ਰਿਹਾਈ ਦਾ ਰਸਤਾ ਸਾਫ਼ ਹੋ ਗਿਆ। ਨਿਠਾਰੀ ਹੱਤਿਆ ਕਾਂਡ ਦਾ ਖੁਲਾਸਾ 29 ਦਿਸੰਬਰ 2006 ਨੂੰ ਨੋਇਡਾ ਦੇ ਨਿਠਾਰੀ ’ਚ ਬਿਜਨਸਮੈਨ ਮੋਹਿੰਦਰ ਸਿੰਘ ਪੰਧੇਰ ਦੇ ਘਰ ਦੇ ਪਿੱਛੇ ਇਕ ਨਾਲੇ ਵਿਚੋਂ 8 ਬੱਚਿਆਂ ਦੇ ਕੰਕਾਲ ਮਿਲਣ ਤੋਂ ਬਾਅਦ ਹੋਇਆ ਸੀ। ਉਸ ਸਮੇਂ ਕੋਲੀ ਪੰਧੇਰ ਦੇ ਘਰ ’ਚ ਘਰੇਲੂ ਨੌਕਰ ਸੀ। ਚੀਫ਼ ਜਸਟਿਸ ਬੀ.ਆਰ. ਗਵਈ ਅਤੇ ਜਸਟਿਸ ਸੂਰਿਆਕਾਂਤ ਅਤੇ ਵਿਕਰਮ ਨਾਥ ਦੀ ਬੈਂਚ ਨੇ ਇਹ ਹੁਕਮ ਦਿੱਤਾ। ਜਿਸ ਨੇ ਓਪਨ ਕੋਰਟ ’ਚ ਕੋਲੀ ਦੀ ਪਟੀਸ਼ਨ ਸੁਣੀ। ਜਸਟਿਸ ਨਾਥ ਨੇ ਹੁਕਮ ਸੁਣਾਉਂਦੇ ਹੋਏ ਕਿਹਾ ਕਿ ਦੱਸੇ ਗਏ ਕਾਰਨਾਂ ਕਰਕੇ ਕਿਊਰੇਟਿਵ ਪਟੀਸ਼ਨ ਮਨਜ਼ੂਰ ਕੀਤੀ ਜਾਂਦੀ ਹੈ। ਸੁਪਰੀਮ ਕੋਰਟ ਨੇ ਕੋਲੀ ਨੂੰ ਇਸ ਮਾਮਲੇ ’ਚ ਬਰੀ ਕਰ ਦਿੱਤਾ ਹੈ ਅਤੇ ਉਸ ’ਤੇ ਪਹਿਲਾਂ ਲਗਾਈ ਗਈ ਸਜ਼ਾ ਅਤੇ ਜੁਰਮਾਨਾ ਰੱਦ ਕਰ ਦਿੱਤਾ। ਬੈਂਚ ਨੇ ਕਿਹਾ ਕਿ ਜੇਕਰ ਕਿਸੇ ਹੋਰ ਮਾਮਲੇ ਜਾਂ ਕਾਰਵਾਈ ’ਚ ਜ਼ਰੂਰਤ ਨਾ ਹੋ ਤਾਂ ਪਟੀਸ਼ਨਕਰਤਾ ਨੂੰ ਤੁਰੰਤ ਰਿਹਾਅ ਕਰ ਦੇਣਾ ਚਾਹੀਦਾ ਹੈ। ਕੋਲੀ ਨੂੰ ਨੋਇਡਾ ਦੇ ਨਿਠਾਰੀ ਪਿੰਡ ’ਚ ਇਕ 15 ਸਾਲ ਦੀ ਲੜਕੀ ਨਾਲ ਰੇਪ ਅਤੇ ਕਤਲ ਦੇ ਲਈ ਦੋਸ਼ੀ ਠਹਿਰਾਇਆ ਗਿਆ ਸੀ ਅਤੇ ਫਰਵਰੀ 2011 ’ਚ ਸੁਪਰੀਮ ਕੋਰਟ ਨੇ ਉਸ ਦੀ ਸਜ਼ਾ ਨੂੰ ਬਰਕਰਾਰ ਰੱਖਿਆ ਸੀ। ਇਸ ਤੋਂ ਪਹਿਲਾਂ ਅਕਤੂਬਰ 2023 ’ਚ ਇਲਾਹਾਬਾਦ ਹਾਈ ਕੋਰਟ ਨੇ ਕੋਲੀ ਅਤੇ ਸਹਿ-ਆਰੋਪੀ ਪੰਧੇਰ ਨੂੰ ਕੋਈ ਹੋਰਨਾਂ ਨੂੰ ਨਿਠਾਰੀ ਮਾਮਲੇ ’ਚ ਬਰੀ ਕਰ ਦਿੱਤਾ ਸੀ।

# ਪਰਿਵਾਰ ਨੇ ਸਾਰੀ ਰਾਤ ਭਾਲ ਕੀਤੀ, ਅਤੇ ਸਵੇਰੇ ਤਿੰਨ ਮਾਸੂਮ ਭੈਣਾਂ ਦੀਆਂ ਲਾਸ਼ਾਂ ਖੂਹ ਵਿੱਚੋਂ ਮਿਲੀਆਂ

**ਮਹੋਬਾ।** ਉੱਤਰ ਪ੍ਰਦੇਸ਼ ਦੇ ਮਹੋਬਾ ਜ਼ਿਲ੍ਹੇ ਵਿੱਚ ਇੱਕ ਦਿਲ ਦਹਿਲਾ ਦੇਣ ਵਾਲੀ ਘਟਨਾ ਵਿੱਚ, ਤਿੰਨ ਮਾਸੂਮ ਭੈਣਾਂ ਦੀ ਖੂਹ ਵਿੱਚ ਡਿੱਗਣ ਨਾਲ ਮੌਤ ਹੋ ਗਈ। ਇਹ ਦੁਖਦਾਈ ਘਟਨਾ ਜ਼ਿਲ੍ਹੇ ਦੇ ਅਜਨਾਰ ਖੇਤਰ ਦੇ ਆਰੀ ਪਿੰਡ ਵਿੱਚ ਵਾਪਰੀ। ਤਿੰਨੋਂ ਕੁੜੀਆਂ ਸੋਮਵਾਰ ਦੁਪਹਿਰ ਖੇਤਾਂ ਵਿੱਚ ਖੇਡ ਰਹੀਆਂ ਸਨ ਜਦੋਂ ਉਹ ਅਚਾਨਕ ਗਾਇਬ ਹੋ ਗਈਆਂ। ਮੰਗਲਵਾਰ ਸਵੇਰੇ ਉਨ੍ਹਾਂ ਦੀਆਂ ਲਾਸ਼ਾਂ ਖੂਹ ਵਿੱਚ ਤੈਰਦੀਆਂ ਮਿਲੀਆਂ, ਜਿਸ ਨਾਲ ਪਰਿਵਾਰ ਵਿੱਚ ਹਫੜਾ-ਦਫੜੀ ਮਚ ਗਈ।

ਵਧੀਕ ਪੁਲਿਸ ਸੁਪਰਡੈਂਟ (ਏਐਸਪੀ) ਵੰਦਨਾ ਸਿੰਘ ਨੇ ਕਿਹਾ ਕਿ ਆਰੀ ਪਿੰਡ ਦੇ ਵਸਨੀਕ ਅਤੇ ਅਨੁਸੂਚਿਤ ਜਾਤੀ ਨਾਲ ਸਬੰਧਤ ਕਿਸਾਨ ਰਾਮਲਾਲ ਦੀਆਂ ਤਿੰਨ ਧੀਆਂ – ਰੁਚੀ (8 ਸਾਲ), ਦੀਕਸ਼ਾ (7 ਸਾਲ) ਅਤੇ ਪੁਸ਼ਪਾ (4 ਸਾਲ) – ਸੋਮਵਾਰ ਨੂੰ ਆਪਣੇ ਪਰਿਵਾਰ ਨਾਲ ਖੇਤਾਂ ਵਿੱਚ ਗਈਆਂ ਸਨ। ਦੱਸਿਆ ਜਾ ਰਿਹਾ ਹੈ ਕਿ ਉਨ੍ਹਾਂ ਨੂੰ ਦੁਪਹਿਰ ਤੱਕ ਖੇਤਾਂ ਵਿੱਚ ਖੇਡਦੇ ਦੇਖਿਆ ਗਿਆ ਸੀ, ਪਰ ਫਿਰ ਅਚਾਨਕ ਗਾਇਬ ਹੋ ਗਈਆਂ। ਜਦੋਂ ਉਹ ਕਾਫ਼ੀ ਸਮੇਂ ਤੱਕ ਘਰ ਨਹੀਂ ਪਰਤੀਆਂ, ਤਾਂ ਪਰਿਵਾਰ ਨੇ ਉਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ ਅਤੇ ਪੁਲਿਸ ਨੂੰ ਸੂਚਿਤ ਕੀਤਾ। ਏਐਸਪੀ ਵੰਦਨਾ ਸਿੰਘ ਨੇ ਦੱਸਿਆ ਕਿ ਘਟਨਾ ਦੀ ਜਾਣਕਾਰੀ ਮਿਲਣ ‘ਤੇ, ਪੁਲਿਸ ਸੁਪਰਡੈਂਟ (ਐਸਪੀ) ਪ੍ਰਬਲ ਪ੍ਰਤਾਪ ਸਿੰਘ ਨੇ ਜ਼ਿਲ੍ਹੇ ਦੇ ਪੰਜ ਥਾਣਿਆਂ ਤੋਂ ਪੁਲਿਸ ਫੋਰਸ ਨੂੰ ਘਟਨਾ ਸਥਾਨ ‘ਤੇ ਭੇਜਿਆ। ਪੁਲਿਸ ਟੀਮਾਂ ਨੇ ਰਾਤ ਭਰ ਕੁੜੀਆਂ ਦੀ ਭਾਲ ਕੀਤੀ। ਮੰਗਲਵਾਰ ਸਵੇਰੇ ਤਿੰਨਾਂ ਕੁੜੀਆਂ ਦੀਆਂ ਲਾਸ਼ਾਂ ਇੱਕ ਖੇਤ ਦੇ ਨੇੜੇ ਇੱਕ ਖੂਹ ਵਿੱਚ ਤੈਰਦੀਆਂ ਮਿਲੀਆਂ।

# ਗੈਸ ਸਿਲੰਡਰਾਂ ਨਾਲ ਭਰਿਆ ਟਰੱਕ ਪਲਟਿਆ, 1 ਜ਼ਖਮੀ



**ਅਰਿਆਲੁਰ।** ਤਾਮਿਲਨਾਡੂ ਦੇ ਅਰਿਆਲੁਰ ਵਿੱਚ ਗੈਸ ਸਿਲੰਡਰਾਂ ਨਾਲ ਭਰਿਆ ਇੱਕ ਟਰੱਕ ਅਚਾਨਕ ਪਲਟ ਗਿਆ। ਇਸ ਹਾਦਸੇ ਨੇ ਭਿਆਨਕ ਰੂਪ ਉਸ ਸਮੇਂ ਧਾਰਨ ਕਰ ਲਿਆ, ਜਦੋਂ ਟਰੱਕ ਵਿਚ ਪਏ ਸਿਲੰਡਰ ਟਰੱਕ ਦੇ ਪਲਟ ਜਾਣ ਕਾਰਨ ਬਲਾਸਟ ਹੋ ਗਏ। ਇਸ ਨਾਲ ਟਰੱਕ ਨੂੰ ਅੱਗ ਲੱਗ ਗਈ ਅਤੇ ਬਹੁਤ ਜ਼ੋਰਦਾਰ ਧਮਾਕੇ ਹੋਏ। ਲਗਾਤਾਰ ਹੋ ਰਹੇ ਧਮਾਕਿਆਂ ਦੇ ਕਾਰਨ ਇਲਾਕੇ ਵਿਚ ਸਨਸਨੀ ਫੈਲ ਗਈ। ਹਾਦਸੇ ਦੌਰਾਨ ਇਕ-ਇਕ ਕਰਕੇ ਕਈ ਸਿਲੰਡਰ ਬਲਾਸਟ ਹੋ ਗਏ। ਰਿਪੋਰਟਾਂ ਦੇ ਅਨੁਸਾਰ ਅੱਜ ਅਰਿਆਲੁਰ ਨੇੜੇ ਵਾਰਨਵਾਸੀ ਵਿੱਚ ਇੱਕ ਟਰੱਕ, ਜੋ ਐਲਪੀਜੀ ਸਿਲੰਡਰਾਂ ਨਾਲ ਭਰਿਆ ਹੋਇਆ ਸੀ, ਲੰਘ ਰਿਹਾ ਸੀ। ਇਸ ਦੌਰਾਨ ਅਚਾਨਕ ਟਰੱਕ ਡਰਾਈਵਰ ਨੇ ਆਪਣਾ ਕੰਟਰੋਲ ਗੁਆ ਦਿੱਤਾ ਅਤੇ ਸਿਲੰਡਰ ਵਾਲਾ ਟਰੱਕ ਪਲਟ ਗਿਆ। ਇਸ ਹਾਦਸੇ ਕਾਰਨ ਇਕ ਤੋਂ ਬਾਅਦ ਕਈ ਜ਼ੋਰਦਾਰ ਧਮਾਕੇ ਹੋਣ ਨਾਲ ਅੱਗ ਲੱਗ ਲਈ। ਧਮਾਕੇ ਤੋਂ ਬਾਅਦ ਟਰੱਕ ਪੂਰੀ ਤਰ੍ਹਾਂ ਸੜ ਗਿਆ।

ਸਿਲੰਡਰਾਂ ਦੇ ਫਟਣ ਦੀ ਆਵਾਜ਼ ਲਗਭਗ 2 ਕਿਲੋਮੀਟਰ ਦੇ ਘੇਰੇ ਵਿੱਚ ਸੁਣਾਈ ਦਿੱਤੀ, ਜਿਸ ਕਾਰਨ ਸਥਾਨਕ ਨਿਵਾਸੀਆਂ ਵਿੱਚ ਦਹਿਸ਼ਤ ਫੈਲ ਗਈ। ਇਸ ਘਟਨਾ ਦੌਰਾਨ ਡਰਾਈਵਰ ਕਨਗਰਾਜ ਨੇ ਛਾਲ ਮਾਰ ਕੇ ਆਪਣੀ ਜਾਨ ਬਚਾਈ, ਜਿਸ ਤੋਂ ਬਾਅਦ ਉਸ ਨੂੰ ਜ਼ਖਮੀ ਹਾਲਤ ਵਿਚ ਅਰਿਆਲੂਰ ਮੈਡੀਕਲ ਕਾਲਜ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ।

SHAM LAL CHANDER ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਪੰਜਾਬ ਯੂਨੀਵਰਸਿਟੀ ਚੰਡੀਗੜ੍ਹ: ਸੈਨੇਟ ਤੇ ਸਿੰਡੀਕੇਟ ਯੂਨੀਵਰਸਿਟੀ ਦੇ ਪ੍ਰਬੰਧ ਦਾ ਮਜ਼ਬੂਤ ਆਧਾਰ

## ਸੈਨੇਟ ਨੂੰ ਆਪਣੀਆਂ ਸ਼ਕਤੀਆਂ ਪੰਜਾਬ ਯੂਨੀਵਰਸਿਟੀ ਐਕਟ, 1947 ਤਹਿਤ ਪ੍ਰਾਪਤ ਹਨ

**ਚੰਡੀਗੜ੍ਹ, ਗੁਰਭਿੰਦਰ ਗੁਰੀ** — ਪੰਜਾਬ ਯੂਨੀਵਰਸਿਟੀ ਦੀ ਅਧਿਕਾਰਤ ਵੈੱਬਸਾਈਟ ਮੁਤਾ-ਬਕ, ਸੈਨੇਟ ਯੂਨੀਵਰਸਿਟੀ ਦੇ ਸਾਰੇ ਮਾਮਲਿਆਂ, ਸਰੋਕਾਰਾਂ ਅਤੇ ਜਾਇਦਾਦ ਦੀ ਪੂਰੀ ਨਿਗਰਾਨੀ ਅਤੇ ਪ੍ਰਬੰਧਨ ਕਰਦੀ ਹੈ। ਇਹ ਯੂਨੀਵਰਸਿਟੀ ਦੀ ਸਭ ਤੋਂ ਉੱਚੀ ਨੀਤਿਨਿਰਧਾਰਕ ਸੰਸਥਾ ਹੈ ਜੋ ਵਿਦਿਅਕ ਮਾਪਦੰਡਾਂ, ਨਵੀਆਂ ਨੀਤੀਆਂ ਅਤੇ ਫੈਕਲਟੀਆਂ ਦੀ ਬਣਤਰ ਬਾਰੇ ਫੈਸਲੇ ਲੈਂਦੀ ਹੈ। ਸੈਨੇਟ ਨੂੰ ਆਪਣੀਆਂ ਸ਼ਕਤੀਆਂ ਪੰਜਾਬ ਯੂਨੀਵਰਸਿਟੀ ਐਕਟ, 1947 ਤਹਿਤ ਪ੍ਰਾਪਤ ਹਨ। ਇਸ ਐਕਟ ਅਧੀਨ ਸੈਨੇਟ ਨੂੰ ਵੱਖ-ਵੱਖ ਵਿਸ਼ਿਆਂ ਵਿੱਚ ਨਵੀਆਂ ਫੈਕਲਟੀਆਂ ਗਠਿਤ ਕਰਨ, ਵਿਦਿਆਰਥੀਆਂ ਦੀ ਅਕਾਦਮਿਕ ਪ੍ਰਗਤੀ ਦੇ ਮਾਪਦੰਡ ਤੈਅ ਕਰਨ ਅਤੇ ਯੂਨੀਵਰਸਿਟੀ ਦੇ ਨਿਯਮਾਂ ਵਿੱਚ ਤਬਦੀਲੀਆਂ ਕਰਨ ਦਾ ਅਧਿਕਾਰ ਹੈ।

ਆਮ ਤੌਰ 'ਤੇ ਸੈਨੇਟ ਨੂੰ ਯੂਨੀਵਰਸਿਟੀ ਦੀ ਅਕਾਦਮਿਕ ਦਿਸ਼ਾ ਤੇ ਨੀਤੀ-ਰੂਪਰੇਖਾ ਤੈਅ ਕਰਨ ਵਾਲੀ ਸੰਸਥਾ ਮੰਨਿਆ ਜਾਂਦਾ ਹੈ। ਪਹਿਲਾਂ ਸੈਨੇਟ ਵਿੱਚ ਤਕਰੀਬਨ 90 ਮੈਂਬਰ ਹੁੰਦੇ ਸਨ, ਪਰ ਹੁਣ



ਇਸ ਦੀ ਗਿਣਤੀ ਘਟਾ ਕੇ 31 ਮੈਂਬਰਾਂ ਤੱਕ ਸੀਮਿਤ ਕਰ ਦਿੱਤੀ ਗਈ ਹੈ। ਯੂਨੀਵਰਸਿਟੀ ਵਿੱਚ ਸੈਨੇਟ ਦੀ ਮੀਟਿੰਗ ਹਰ ਸਾਲ ਦੋ ਤੋਂ ਤਿੰਨ ਵਾਰ ਬੁਲਾਈ ਜਾਂਦੀ ਹੈ। ਸੈਨੇਟ ਦੇ ਫ਼ੈਸਲਿਆਂ ਨੂੰ ਅਮਲ ਵਿੱਚ ਲਿਆਉਣ ਦੀ ਜ਼ਿੰਮੇਵਾਰੀ ਸਿੰਡੀਕੇਟ ਉੱਤੇ ਹੁੰਦੀ ਹੈ।

ਸਿੰਡੀਕੇਟ ਨੂੰ ਯੂਨੀਵਰਸਿਟੀ ਦੀ ਕਾਰਜਕਾਰੀ ਸੰਸਥਾ (ਓਣਣਚੁਟਿਵਣ ਭੋਦੇ) ਕਿਹਾ ਜਾਂਦਾ ਹੈ ਜੋ ਦਿਨ-ਪ੍ਰਤੀਦਿਨ ਦੇ ਪ੍ਰਸ਼ਾਸਨਿਕ ਅਤੇ ਪ੍ਰਬੰਧਕੀ ਮਾਮਲਿਆਂ ਦੀ ਦੇਖਭਾਲ ਕਰਦੀ ਹੈ।

ਇਸਦਾ ਮੁੱਖ ਕੰਮ ਹੈ ਯੂਨੀਵਰਸਿਟੀ ਦੀਆਂ ਨੀਤੀਆਂ ਨੂੰ ਲਾਗੂ ਕਰਨਾ, ਫਾਇਨੈਂਸ਼ਲ ਫੈਸਲੇ ਲੈਣਾ, ਸਟਾਫ਼ ਦੀ ਭਰਤੀ ਤੇ ਤਬਾਦਲੇ, ਅਤੇ ਯੂਨੀਵਰਸਿਟੀ ਦੀ ਪ੍ਰਗਤੀ ਲਈ ਨਵੇਂ ਪ੍ਰੋਜੈਕਟ ਤਿਆਰ ਕਰਨਾ। ਸਿੰਡੀਕੇਟ ਦੀ ਮੀਟਿੰਗ ਹਰ ਮਹੀਨੇ ਇੱਕ ਵਾਰ ਹੁੰਦੀ ਹੈ।

ਸੰਖੇਪ ਵਿੱਚ, ਸੈਨੇਟ ਯੂਨੀਵਰਸਿਟੀ ਦੀ ਵਿਚਾਰਸ਼ੀਲ ਤੇ ਨੀਤਿਨਿਰਧਾਰਕ ਸੰਸਥਾ ਹੈ, ਜਦਕਿ ਸਿੰਡੀਕੇਟ ਉਸਦੀ ਕਾਰਜਕਾਰੀ ਤੇ ਪ੍ਰਸ਼ਾਸਨਿਕ ਭੂਮਿਕਾ ਨਿਭਾਉਂਦੀ ਹੈ। ਦੋਹਾਂ ਸੰਸਥਾਵਾਂ ਦੇ ਮਿਲਜੁਲ ਨਾਲ ਹੀ ਪੰਜਾਬ ਯੂਨੀਵਰਸਿਟੀ ਦਾ ਪ੍ਰਬੰਧਨ ਸੁਚਾਰੂ ਢੰਗ ਨਾਲ ਚਲਦਾ ਹੈ ਅਤੇ ਇਹ ਸਿੱਖਿਆ ਦੀ ਗੁਣਵੱਤਾ ਨੂੰ ਬਰਕਰਾਰ ਰੱਖਣ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ।

# 169ਵੇਂ ਸੂਬਾ ਪੱਧਰੀ ਅਬੈਕਸ ਮੁਕਾਬਲੇ ਵਿੱਚ ਬਰੇਨ-ਓ-ਬਰੇਨ, ਲਿਟਿਲ ਸਟਾਰ ਪਲੇਅ-ਵੇਅ ਸਕੂਲ ਦੇ ਵਿਦਿਆਰਥੀਆਂ ਨੇ ਮੱਲਾਂ ਮਾਰੀਆਂ

**ਰਾਏਕੋਟ, ਨਵੰਬਰ ਗੁਰਭਿੰਦਰ ਗੁਰੀ।** ਲੁਧਿਆਣੇ ਵਿਖੇ ਸੰਪੰਨ ਹੋਏ 169ਵੇਂ ਸੂਬਾ ਪੱਧਰੀ ਅਬੈਕਸ ਮੁਕਾਬਲੇ ਵਿੱਚ ਸਥਾਨਕ ਬਰੇਨ-ਓ-ਬਰੇਨ, ਲਿਟਿਲ ਸਟਾਰ ਪਲੇਅ-ਵੇਅ ਸਕੂਲ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਮੱਲਾਂ ਮਾਰੀਆਂ ਹਨ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਕੂਲ ਦੇ ਡਾਇਰੈਕਟਰ ਮਹੰਤ ਰਾਜਪਾਲ ਦਾਸ ਅਤੇ ਪ੍ਰਿੰ. ਆਰਤੀ ਮਹੰਤ ਨੇ ਦੱਸਿਆ ਕਿ ਇੰਨ੍ਹਾਂ ਮੁਕਾਬਲਿਆਂ ਵਿੱਚ ਸੂਬੇ ਦੇ ਵੱਖ ਸਕੂਲਾਂ ਤੋਂ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਵਲੋਂ ਭਾਗ ਲਿਆ ਗਿਆ ਸੀ, ਜਿੰਨ੍ਹਾਂ ਵਿੱਚ ਸਾਡੇ ਸਕੂਲ ਦੇ 15 ਵਿਦਿਆਰਥੀ ਸ਼ਾਮਲ ਸਨ। ਜਿੰਨ੍ਹਾਂ ਵਿੱਚੋਂ 6 ਬੱਚੇ ਚੈਮਪੀਅਨ, 6 ਗੋਲਡ ਮੈਡਲਿਸਟ ਅਤੇ 3 ਬੱਚੇ ਸਿਲਵਰ ਮੈਡਲ ਜਿੱਤਣ ਵਿੱਚ ਕਾਮਯਾਬ ਰਹੇ। ਜੇਤੂ ਵਿਦਿਆਰਥੀਆਂ ਵਿੱਚ ਅੰਗਦਜੋਤ ਸਿੰਘ, ਸੀਨਮ ਗੁਪਤਾ, ਹਰਸ਼ਿਲ ਪਰੂਥੀ, ਦਿਵਿਆਂਸ਼ੀ ਗੁਪਤਾ ਮਹਿਤਾਬ ਸਿੰਘ ਸਿੱਧੂ ਗੁਨਵੀ ਕਟਿਆਲ ਚੈਮਪੀਅਨ ਰਹੇ। ਹਾਰਦਿਕ ਉੱਪਲ, ਸਾਨਵੀ, ਯੋਗਿਤਾ, ਇਸ਼ਾਨ ਗੋਇਲ, ਏਕਨੂਰ ਕੌਰ,




ਗੋਲਡ ਮੈਡਲ ਟਾਪਰ ਰਹੇ, ਜਦਕਿ ਹਰਨੂਰ ਸਿੰਘ, ਹਰਸੀਰਤ ਕੌਰ ਅਤੇ ਦਿਲਨਾਜ਼ ਕਰ ਚੀਮਾਂ ਸਿਲਵਰ ਮੈਡਮ ਜੇਤੂ ਰਹੇ। ਡਾਇਰੈਕਟਰ ਮਹੰਤ ਰਾਜਪਾਲ ਅਤੇ ਪ੍ਰਿੰ. ਆਰਤੀ ਮਹੰਤ ਨੇ ਜੇਤੂ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ ਹੈ।

# ਅਕਾਲ ਅਕੈਡਮੀ (ਕਮਾਲਪੁਰ) ਦੇ ਬਲਰਾਜ ਨੇ ਜਿੱਤਿਆ ਚਾਂਦੀ ਦਾ ਤਮਗਾ

## ਜਿਲ੍ਹਾ ਪੱਧਰੀ ਪ੍ਰਾਇਮਰੀ ਖੇਡਾਂ ਦੇ ਕਰਾਟੇ ਮੁਕਾਬਲੇ ਵਿੱਚ ਹਾਸਲ ਕੀਤਾ ਦੂਜਾ ਸਥਾਨ

**ਰੋਪੜ (ਰੋਮੀ ਘੜਾਮਾਂ):** ਅਕਾਲ ਅਕੈਡਮੀ, ਕਮਾਲਪੁਰ ,ਰੂਪਨਗਰ ਦੀ ਤੀਜੀ ਜਮਾਤ ਦੇ ਵਿਦਿਆਰਥੀ ਬਲਰਾਜ ਸਿੰਘ (9ਸਾਲ) ਪੁੱਤਰ ਗੁਰਪ੍ਰੀਤ ਸਿੰਘ/ਸੁਰਿੰਦਰ ਕੌਰ ਵਾਸੀ ਗਿਆਨੀ ਜੈਲ ਸਿੰਘ ਨਗਰ, ਰੋਪੜ ਨੇ ਆਪਣੇ ਨਾਮ ਵਰਗਾ ਪ੍ਰਦਰਸ਼ਨ ਕਰਦਿਆਂ 45ਵੀਆਂ ਪੰਜਾਬ ਜਿਲ੍ਹਾ ਪੱਧਰੀ ਪ੍ਰਇਮਰੀ ਸਕੂਲ ਖੇਡਾਂ 2025-26 ਕਰਾਟੇ ਮੁਕਾਬਿਲਆਂ ਦੇ -23 ਕਿੱਲੋ ਭਾਰ ਵਰਗ ਵਿੱਚ ਚਾਂਦੀ ਦਾ ਤਮਗਾ ਜਿੱਤ ਕੇ ਆਪਣੇ ਪੰਜਾਬ, ਜਿਲ੍ਹੇ, ਸਕੂਲ ਅਤੇ ਮਾਪਿਆਂ ਦਾ ਮਾਣ ਵਧਾਇਆ। ਇਸ ਮਾਣਮੱਤੀ ਪ੍ਰਾਪਤੀ ਲਈ ਬਲਰਾਜ ਸਿੰਘ ਨੂੰ ਜਿਲ੍ਹਾ ਸਿੱਖਿਆ ਅਫ਼ਸਰ ਪ੍ਰੇਮ ਕੁਮਾਰ ਮਿੱਤਲ,ਉੱਪ ਜਿਲ੍ਹਾ ਸਿੱਖਿਆ ਅਫ਼ਸਰ ਇੰਦਰਜੀਤ



ਸਿੰਘ (ਐੱਸ.ਈ.), ਜਿਲ੍ਹਾ ਸਿੱਖਿਆ ਅਫ਼ਸਰ ਸ਼ਮਸ਼ੇਰ ਸਿੰਘ,ਉੱਪ ਜਿਲ੍ਹਾ ਸਿੱਖਿਆ ਅਫ਼ਸਰ ਰੰਜਨਾ ਕਟਿਆਲ (ਪ੍ਰਾਇਮਰੀ), ਜਿਲ੍ਹਾ ਸਪੋਰਟਸ ਕੋਆਰਡੀਨੇਟਰ ਸ਼ਰਨਜੀਤ ਕੌਰ ਤੇ ਕਨਵੀਨਰ ਜਰਨੈਲ ਸਿੰਘ ਨਿੱਕੂਵਾਲ ਨੇ ਉਚੇਚੇ ਤੌਰ ਤੇ ਸਨਮਾਨਿਤ ਕੀਤਾ। ਇਸ ਮੌਕੇ ਕਰਾਟੇ ਕੋਚ ਅਤੁਲ ਸ਼ਰਮਾ, ਗੁਰਪ੍ਰੀਤ ਸਿੰਘ ਚੇਅਰਮੈਨ ਕੌਰ ਵੈੱਲਫੇਅਰ ਫਾਊਂਡੇਸ਼ਨ, ਮੁੱਖ ਸਲਾਹਕਾਰ ਕੌਰ ਵੈੱਲਫੇਅਰ ਫਾਊਂਡੇਸ਼ਨ ਜੈ ਦੇਵ ਸਿੰਘ,ਸਤਨਾਮ ਸਿੰਘ ਪ੍ਰਧਾਨ ਕਰਾਟੇ ਐਸੋਸੀਏਸ਼ਨ ਸੰਦੀਪ ਕੁਮਾਰ ਸਕੱਤਰ ਕਰਾਟੇ ਐਸੋਸੀਏਸ਼ਨ, ਉਪ-ਕਨਵੀਨਰ ਦਵਿੰਦਰ ਸਿੰਘ, ਸਟੇਟ ਐਵਾਰਡੀ ਜਸਵਿੰਦਰ ਸਿੰਘ ਲਾਡੀ ਅਬਿਆਣਾ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਕੰਵਰ ਇਕਬਾਲ ਸਿੰਘ ਆਪ ਦੇ ਆਬਜ਼ਰਵਰ ਜਲੰਧਰ ਅਰਬਨ ਨਿਯੁਕਤ

## ਸਰਕਾਰ ਅਤੇ ਸੰਗਠਨ ਵਿਚਲੀਆਂ ਜ਼ਿੰਮੇਵਾਰੀਆਂ ਪੂਰੀ ਤਨਦੇਹੀ ਨਾਲ ਨਿਭਾਵਾਂਗਾ – ਕੰਵਰ ਇਕਬਾਲ

**ਕਪੂਰਥਲਾ, ( ਵਿਸ਼ੇਸ਼ ਪ੍ਰਤੀਨਿਧ)–** ਆਪ ਨੇ ਸੰਗਠਨਾਤਮਕ ਢਾਂਚੇ ਨੂੰ ਹੋਰ ਮਜਬੂਤ ਕਰਦਿਆਂ ਹੋਇਆ 2027 ਦੀਆਂ ਚੋਣਾਂ ਵਾਸਤੇ ਤਿਆਰੀ ਖਿੱਚ ਦਿੱਤੀ ਹੈ ! ਆਮ ਆਦਮੀ ਪਾਰਟੀ ਵਿੱਚ ਦਿਨ ਰਾਤ ਕੰਮ ਕਰਨ ਵਾਲੇ ਸੀਨੀਅਰ ਲੀਡਰਾਂ ਨੂੰ ਵੱਖ-ਵੱਖ ਵਿੰਗਾਂ ਵਿੱਚ ਵੱਡੀਆਂ ਜ਼ਿੰਮੇਵਾਰੀਆਂ ਦੇ ਕੇ ਲਿਸਟਾਂ ਜਾਰੀ ਕੀਤੀਆਂ ਜਾ ਰਹੀਆਂ ਹਨ । ਪੰਜਾਬ ਪ੍ਰਭਾਰੀ ਸ਼੍ਰੀ ਮਨੀਸ਼ ਸਿਸੋਦੀਆ ਜੀ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ ਪੰਜਾਬ ਪ੍ਰਧਾਨ ਦੀ ਅਗਵਾਈ ਹੇਠ ਦਿੱਤੀਆਂ ਜ਼ਿੰਮੇਵਾਰੀਆਂ ਦੀ ਲੜੀ ਵਿੱਚ ਹਲਕਾ ਕਪੂਰਥਲਾ ਤੋਂ ਪਾਰਟੀ ਦੇ ਸੀਨੀਅਰ ਆਗੂ ਅਤੇ ਕੌਮਾਂਤਰੀ ਕਵੀ ਵਜੋਂ ਪੂਰੀ ਦੁਨੀਆ ਵਿੱਚ ਜਾਣੇਂ ਜਾਂਦੇ, ਸ਼ਾਇਰ ਕੰਵਰ ਇਕਬਾਲ ਸਿੰਘ ਜੀ ਨੂੰ ਜਿੱਥੇ ਦੋ ਕੂ ਮਹੀਨੇ ਪਹਿਲਾਂ ਜ਼ਿਲ੍ਹਾ ਕਪੂਰਥਲਾ ਦੇ ਚਾਰਾਂ ਹਲਕਿਆਂ ਦੀ ਜ਼ਿੰਮੇਵਾਰੀ ਬਤੌਰ ਜ਼ਿਲਾ ਪ੍ਰਧਾਨ "ਆਪ" ਟ੍ਰੇਡ ਵਿੰਗ ਕਪੂਰਥਲਾ ਦੀ ਦਿੱਤੀ ਗਈ ਹੈ। ਉਥੇ ਹੀ ਪਾਰਟੀ ਵਾਸਤੇ ਪੂਰੀ ਤਨਦੇਹੀ ਨਾਲ ਕੰਮ ਕਰਨ ਵਾਲੇ ਸੀਨੀਅਰ ਲੀਡਰ ਕੰਵਰ ਇਕਬਾਲ ਸਿੰਘ ਜੀ ਨੂੰ ਹੋਰ ਵੱਡੀ ਜ਼ਿੰਮੇਵਾਰੀ ਦਿੰਦਿਆਂ ਹੋਇਆਂ ਜਲੰਧਰ ਅਰਬਨ ਤੋਂ ਆਬਜ਼ਰਵਰ ਨਿਯੁਕਤ ਕੀਤਾ ਹੈ।ਚੇਅਰਮੈਨ ਸ਼੍ਰੀ ਅਨਿਲ ਠਾਕੁਰ ਜੀ ਨੇ ਚੰਡੀਗੜ੍ਹ ਵਿਖੇ 17 ਸੈਕਟਰ ਵਿੱਚ ਸਥਿੱਤ ਆਪਣੇਂ ਦਫ਼ਤਰ ਵਿੱਚ ਕੰਵਰ ਇਕਬਾਲ ਸਿੰਘ ਜੀ ਨੂੰ ਇਸ ਨਵੀਂ ਜ਼ਿੰਮੇਵਾਰੀ ਦਾ ਨਿਯੁਕਤੀ ਪੱਤਰ ਦੇਂਦਿਆਂ ਹੋਇਆਂ ਦੱਸਿਆ ਕਿ ਸਾਲ 2013 ਤੋਂ ਆਮ ਆਦਮੀ ਪਾਰਟੀ ਨੂੰ ਆਪਣੀਆਂ ਯੋਗ ਸੇਵਾਵਾਂ



ਦੇ ਰਹੇ ਪਾਰਟੀ ਦੇ ਨਿਧੜਕ ਲੀਡਰ ਅਤੇ ਵਿਸ਼ਵ ਪ੍ਰਸਿੱਧ ਸ਼ਾਇਰ ਕੰਵਰ ਇਕਬਾਲ ਸਿੰਘ ਜ਼ਿਲ੍ਹਾ ਪ੍ਰਧਾਨ "ਆਪ" ਵਪਾਰ ਮੰਡਲ ਕਪੂਰਥਲਾ ਨੂੰ ਜਿੱਥੇ ਪਾਰਟੀ ਹਾਈਕਮਾਨ ਨੇ ਪੰਜਾਬ ਸਰਕਾਰ ਦੇ ਅਦਾਰੇ "ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ ਵਿਭਾਗ ਚੰਡੀਗੜ੍ਹ" ਵਿੱਚ ਬਤੌਰ ਮੈਂਬਰ ਸ਼ਾਮਿਲ ਕਰਕੇ ਬਹੁਤ ਹੀ ਵੱਡਾ ਮਾਣ ਬਖ਼ਸ਼ਿਆ ਹੋਇਆ ਹੈ। ਸੈਕਟਰ 26 ਵਿੱਚ ਸਥਿੱਤ ਪੰਜਾਬ ਸਟੇਟ ਕੌਂਸਲ ਦੇ ਦਫ਼ਤਰ ਅਧੀਨ ਪੂਰੇ ਪੰਜਾਬ ਦੇ ਸਕੂਲਾਂ, ਕਾਲਜਾਂ, ਟੈਕਨੀਕਲ ਯੂਨੀਵਰਸਿਟੀਆਂ ਅਤੇ ਸਾਇੰਸ ਸਿਟੀ ਇਤਿਆਦਿ ਅਦਾਰਿਆਂ ਦੀ ਅਗਵਾਈ ਕਰਨ ਵਾਲੇ "ਸਾਇੰਸ ਐਂਡ ਟੈਕਨੋਲੋਜੀ ਵਿਭਾਗ ਪੰਜਾਬ" ਦੀ ਗਵਰਨਿੰਗ ਬਾਡੀ ਵੱਲੋਂ ਗੂਗਲ ਤੇ ਪਾਈ ਹੋਈ ਲਿਸਟ ਮੁਤਾਬਿਕ ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਬਤੌਰ ਪ੍ਰਧਾਨ, ਫਾਈਨਾਸ ਮਨਿਸਟਰ ਪੰਜਾਬ ਸ੍ਰ. ਹਰਪਾਲ ਸਿੰਘ ਚੀਮਾ ਜੀ ਬਤੌਰ ਵਾਈਸ ਪ੍ਰਧਾਨ ਅਤੇ ਬਾਕੀ ਬਹੁਤ ਸਾਰੇ ਕੈਬਨਿਟ ਮੰਤਰੀਆਂ ਸਮੇਤ ਕੰਵਰ ਇਕਬਾਲ ਸਿੰਘ ਜੀ ਵੀ ਕੈਬਨਿਟ ਰੈਂਕ ਤੇ ਮੈਂਬਰ ਵਜੋਂ ਸੇਵਾਵਾਂ ਦੇ ਰਹੇ ਹਨ। ਵਿਸ਼ੇਸ਼ ਤੌਰ ਤੇ ਇਹ ਵੀ ਵਰਣਣਯੋਗ ਹੈ ਕਿ ਸੂਬਾ ਸਰਕਾਰ ਨੇ ਉਰਦੂ ਅਕੈਡਮੀ ਪੰਜਾਬ ਦੀ 21 ਮੈਂਬਰੀ ਕਮੇਟੀ ਵਿੱਚ ਸ਼ਾਇਰ ਕੰਵਰ ਇਕਬਾਲ ਸਿੰਘ ਨੂੰ ਬਤੌਰ ਮੈਂਬਰ ਸ਼ਾਮਿਲ ਕੀਤਾ ਹੋਇਆ ਹੈ । ਪਾਰਟੀ ਨੇ ਸਮੇਂ-ਸਮੇਂ, ਜਦੋਂ-ਜਦੋਂ ਵੀ ਹਲਕਾ ਕਪੂਰਥਲਾ ਤੋਂ ਇਲਾਵਾ ਸੁਲਤਾਨਪੁਰ ਲੋਧੀ, ਜਲੰਧਰ, ਲੁਧਿਆਣਾ, ਸੰਗਰੂਰ, ਡੇਰਾ ਬਾਬਾ ਨਾਨਕ ਇਤਿਆਦਿ ਹਲਕਿਆਂ ਸਮੇਤ ਗੁਜਰਾਤ ਹਰਿਆਣਾ ਅਤੇ ਦਿੱਲੀ ਸਣੇਂ ਹੋਰ ਸੂਬਿਆਂ ਵਿੱਚ ਜਿੱਥੇ ਵੀ ਕੰਵਰ ਇਕਬਾਲ ਸਿੰਘ ਦੀ ਚੋਣ ਪ੍ਰਚਾਰ ਦੀ ਡਿਊਟੀ ਲਾਈ ਹੈ ਇਨ੍ਹਾਂ ਨੇ ਬੜੀ ਹੀ ਇਮਾਨਦਾਰੀ ਨਾਲ ਆਪਣਾ ਫ਼ਰਜ਼ ਨਿਭਾਇਆ ਹੈ ।ਪੰਜਾਬੀ ਸ਼ਾਇਰ ਵਜੋਂ ਪੂਰੀ ਦੁਨੀਆਂ ਵਿੱਚ ਪ੍ਰਸਿੱਧੀ ਪ੍ਰਾਪਤ ਕਰਨ ਵਾਲੇ ਕੰਵਰ ਇਕਬਾਲ ਸਿੰਘ ਜੀ ਨੂੰ ਸਾਲ 2016 ਵਿੱਚ ਵੀ ਪਾਰਟੀ ਹਾਈਕਮਾਨ ਨੇ ਪੰਜਾਬ ਦੀ 5 ਮੈਂਬਰੀ ਸੱਭਿਆਚਾਰਕ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ ਸੀ ।ਸਾਲ 2021 ਵਿੱਚ ਨਗਰ ਕੌਂਸਲ ਕਪੂਰਥਲਾ ਦੀ ਇਲੈਕਸ਼ਨ ਵੇਲੇ ਪਾਰਟੀ ਨੇ ਕੰਵਰ ਇਕਬਾਲ ਸਿੰਘ ਅਤੇ ਉਨ੍ਹਾਂ ਦੇ ਸਪੁੱਤਰ ਪੁਸ਼ਪਿੰਦਰ ਸਿੰਘ ਨੂੰ ਸ਼ਹਿਰ ਦੇ ਦੋ ਵਾਰਡਾਂ ਵਿੱਚੋ ਚੋਣ ਮੈਦਾਨ ਵਿੱਚ ਉਤਾਰਿਆ ਸੀ ।ਅਜਿਹਾ ਜਾਪਦਾ ਹੈ ਪਾਰਟੀ ਹਾਈਕਮਾਨ ਪਾਰਟੀ ਵਾਸਤੇ ਦਿਨ ਰਾਤ ਕੰਮ ਕਰਨ ਵਾਲੇ ਸਾਰੇ ਹੀ ਮਿਹਨਤੀ ਸਾਥੀਆਂ ਵੱਖ-ਵੱਖ ਜ਼ਿੰਮੇਵਾਰੀਆਂ ਦੇ ਕੇ ਆਪਣਾ ਸੰਗਠਨਾਤਮਕ ਢਾਂਚਾ ਮਜਬੂਤ ਕਰ ਰਹੀ ਹੈ। ਕੰਵਰ ਇਕਬਾਲ ਸਿੰਘ ਹੁਰਾਂ ਮੀਡੀਆ ਵੱਲੋਂ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਪਾਰਟੀ ਹਾਈਕਮਾਨ ਵੱਲੋਂ ਮਿਲੀ ਜਲੰਧਰ ਅਰਬਨ ਦੇ ਆਬਜ਼ਰਵਰ ਦੀ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਉਣਗੇ।

# ਗ੍ਰੈਂਡ ਸਿਟੀ ਪਲਾਜ਼ਾ ਦੇ ਡਾਇਰੈਕਟਰਾਂ ਖਿਲਾਫ ਨਿਵੇਸ਼ਕਾਂ ਵੱਲੋਂ ਧੋਖਾਧੜੀ ਦੇ ਆਰੋਪ ਅਤੇ ਨਾਅਰੇਬਾਜ਼ੀ

## ਸਾਰੇ ਡਾਇਰੈਕਟਰਾਂ ਵਿੱਚੋਂ ਕੇਵਲ ਇੱਕ ਡਾਇਰੈਕਟਰ ਪਰੇਸ਼ਾਨ ਕਰ ਰਿਹਾ ਹੈ –ਭਗਵਾਨ ਦਾਸ ਗਰਗ ( ਡਾਇਰੈਕਟਰ)

**ਲੁਧਿਆਣਾ ( ਕਰਨੈਲ ਸਿੰਘ ਐੱਮ.ਏ.)** ਆਏ ਦਿਨ ਕੋਲੋਂ ਵੱਲੋਂ ਕਲੋਨੀਆਂ ਅਤੇ ਪਲਾਜੇ ਕੱਟ ਕੇ ਪੈਸੇ ਲੈ ਕੇ ਮੁੜ ਕੇ ਨਿਵੇਸ਼ਕਾਂ ਦੀ ਸਾਰ ਨਾ ਲੈਣ ਅਤੇ ਧੋਖਾਧੜੀ ਦੇ ਮਾਮਲੇ ਸਾਹਮਣੇ ਆਉਂਦੇ ਹਨ ਇਸੇ ਤਰਜ਼ ਤੇ ਅੱਜ ਲੁਧਿਆਣਾ ਪੱਖੋਵਾਲ ਰੋਡ ਤੇ ਕੀਜ਼ ਹੋਟਲ ਦੇ ਨਾਲ ਗ੍ਰੈਂਡ ਸਿਟੀ ਪਲਾਜ਼ਾ ਦੇ ਡਾਇਰੈਕਟਰਾਂ ਖਿਲਾਫ ਪਲਾਜ਼ਾ ਦੇ ਨਿਵੇਸ਼ਕਾਂ ਵੱਲੋਂ ਰੱਜ ਕੇ ਭੜਾਸ ਕੱਢੀ ਗਈ ਅਤੇ ਧੋਖਾਧੜੀ ਦੇ ਆਰੋਪਾਂ ਤਹਿਤ ਨਾਅਰੇਬਾਜ਼ੀ ਵੀ ਕੀਤੀ ਗਈ।

ਇਸ ਮੌਕੇ ਨਿਵੇਸ਼ਕਾਂ ਦੇ ਵੱਡੇ ਇਕੱਠ ਵਿੱਚ ਪ੍ਰਦੀਪ ਢੱਲ ਜੋ ਕਿ ਇਹਨਾਂ ਦੀ ਅਗਵਾਈ ਕਰ ਰਹੇ ਸਨ ਨੇ ਦੱਸਿਆ ਕਿ ਪਹਿਲਾਂ ਤਾਂ ਚਿਕਨੀਆਂ ਚੁਪੜੀਆਂ ਗੱਲਾਂ ਕਰਕੇ ਪਲਾਜ਼ਾ ਵਿੱਚ ਸਾਡੇ ਨਿਵੇਸ਼ਕਾਂ ਦੇ ਕਰੋੜਾਂ ਰੁਪਏ ਲਗਵਾ ਦਿੱਤੇ ਅਤੇ ਹੁਣ ਇੱਥੋਂ ਦੇ ਡਾਇਰੈਕਟਰ ਆਪਸ ਵਿੱਚ ਉਲਝ ਕੇ ਗਾਹਕਾਂ ਨੂੰ ਕਰਾਈ



ਜਾਣ ਵਾਲੀਆਂ ਰਜਿਸਟਰੀਆਂ ਰੱਦ ਕਰਵਾ ਰਹੇ ਹਨ। ਉਹਨਾਂ ਆਖਿਆ ਕਿ 2012 ਵਿੱਚ ਪਲਾਜ਼ਾ ਕੱਟਿਆ ਗਿਆ ਸੀ ਤੇ ਹੁਣ ਤੱਕ ਜੋ ਡਿਵੈਲਪਮੈਂਟ ਉਹਨਾਂ ਕਹੀ ਸੀ ਉਹ ਨਹੀਂ ਹੋਈ ਅਤੇ ਸਾਡੀ ਇਨਵੈਸਟਮੈਂਟ ਡੈਡ ਹੋ ਰਹੀ ਹੈ ਅਤੇ ਬਹੁਤਿਆਂ ਦੀਆਂ ਰਜਿਸਟਰੀਆਂ ਵੀ ਨਹੀਂ ਹੋ ਰਹੀਆਂ । ਉਹਨਾਂ ਆਖਿਆ ਕਿ ਸਾਨੂੰ ਹੱਕ ਲੈਣ ਲਈ ਹੋਰ ਵੀ ਅੱਗੇ ਜਾਣਾ ਪਿਆ ਤਾਂ ਜ਼ਰੂਰ ਜਾਵਾਂਗੇ । ਜਦੋਂ ਪਲਾਜ਼ਾ ਦੇ ਇੱਕ ਡਾਇਰੈਕਟਰ ਭਗਵਾਨ ਦਾਸ ਗਰਗ ਨੂੰ ਸਾਰੇ ਮਾਮਲੇ ਬਾਰੇ ਪੁੱਛਿਆ ਗਿਆ ਤਾਂ ਉਹਨਾਂ ਆਖਿਆ ਕਿ ਸਾਡੀ ਸਾਰੇ ਡਾਇਰੈਕਟਰਾਂ ਦੀ ਅੱਜ ਮੀਟਿੰਗ ਹੋ ਰਹੀ ਹੈ ਅਤੇ ਜਲਦੀ ਹੀ ਕੋਈ ਨਾ ਕੋਈ ਹੱਲ ਕੱਢ ਲਵਾਂਗੇ । ਅਸੀਂ ਨਹੀਂ ਚਾਹੁੰਦੇ ਕਿ ਸਾਡਾ ਕੋਈ ਗਾਹਕ ਖੱਜਲ ਖਰਾਬ ਹੋਵੇ ਅਤੇ ਮਾਮਲਾ ਮੀਡੀਆ ਵਿੱਚ ਆਵੇ । ਉਹਨਾਂ ਆਖਿਆ ਕਿ ਇੱਕ ਡਾਇਰੈਕਟਰ ਗੁਰਜੀਤ ਗਰੇਵਾਲ ਹੀ ਸਭ ਨੂੰ ਪਰੇਸ਼ਾਨ ਕਰ ਰਿਹਾ ਹੈ ਉਹਦਾ ਹੱਲ ਵੀ ਜਲਦੀ ਕੱਢ ਲਵਾਂਗੇ । ਜਦੋਂ ਗੁਰਜੀਤ ਗਰੇਵਾਲ ਨਾਲ ਫੋਨ ਤੇ ਸੰਪਰਕ ਕਰਨਾ ਚਾਹਿਆ ਤਾਂ ਉਹਨਾਂ ਫੋਨ ਨਹੀਂ ਚੁੱਕਿਆ ।

# ਸ੍ਰੀਨਗਰ, ਗੁਰਦਾਸਪੁਰ, ਫਰੀਦਕੋਟ ਤੇ ਤਲਵੰਡੀ ਸਾਬੋ ਤੋਂ ਚਾਰ ਅਲੌਕਿਕ ਨਗਰ ਕੀਰਤਨ 22 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਪਹੁੰਚਣਗੇ- ਹਰਜੋਤ ਸਿੰਘ ਬੈਂਸ

## ਗੁਰੂ ਨਗਰੀ ਵਿੱਚ ਕੀਤੀਆ ਜਾ ਰਹੀਆ ਵਿਆਪਕ ਤਿਆਰੀਆਂ, ਸ਼ਰਧਾਲੂਆਂ ਦੀ ਸਹੂਲਤ ਲਈ ਹੋਣਗੇ ਵਿਸੇਸ਼ ਪ੍ਰਬੰਧ- ਕੈਬਨਿਟ ਮੰਤਰੀ

**ਰੂਪਨਗਰ /ਸ੍ਰੀ ਅਨੰਦਪੁਰ ਸਾਹਿਬ (ਜਤਿੰਦਰ ਪਾਲ ਸਿੰਘ ਕਲੇਰ )** ਹਿੰਦ ਦੀ ਚਾਦਰ ਨੌਵੇਂ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਮੌਕੇ ਚਾਰ ਅਲੌਕਿਕ ਨਗਰ ਕੀਰਤਨ ਵੱਖ ਵੱਖ ਕੋਨਿਆਂ ਤੋਂ ਸ੍ਰੀ ਅਨੰਦਪੁਰ ਸਾਹਿਬ ਪਹੁੰਚਣਗੇ। ਸ੍ਰੀਨਗਰ, ਗੁਰਦਾਸਪੁਰ, ਫਰੀਦਕੋਟ ਤੇ ਤਲਵੰਡੀ ਸਾਬੋਂ ਤੋਂ ਇਹ ਨਗਰ ਕੀਰਤਨ 22 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਪਹੁੰਚਣਗੇ।

ਇਹ ਜਾਣਕਾਰੀ ਸ੍ਰ. ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ ਅਤੇ ਹਲਕਾ ਵਿਧਾਇਕ ਸ੍ਰੀ ਅਨੰਦਪੁਰ ਸਾਹਿਬ ਨੇ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਸ੍ਰੀਨਗਰ ਤੋ ਨਗਰ ਕੀਰਤਨ 19 ਨਵੰਬਰ ਨੂੰ ਅਰੰਭ ਹੋਵੇਗਾ ਜੋ ਜੰਮੂ, ਪਠਾਨਕੋਟ, ਦਸੂਹਾ, ਹੁਸ਼ਿਆਰਪੁਰ, ਮਾਹਲਪੁਰ, ਗੜ੍ਹਸ਼ੰਕਰ ਤੋਂ ਹੁੰਦਾ ਹੋਇਆ ਸ੍ਰੀ ਅਨੰਦਪੁਰ ਸਾਹਿਬ ਵਿਖੇ ਸੰਪੂਰਨ ਹੋਵੇਗਾ। ਇਸੇ ਤਰਾਂ ਗੁਰਦਾਸਪੁਰ ਤੋਂ ਅਰੰਭ ਹੋਣ ਵਾਲਾ ਨਗਰ ਕੀਰਤਨ ਬਟਾਲਾ, ਬਾਬਾ ਬਕਾਲਾ, ਸ੍ਰੀ ਅੰਮ੍ਰਿਤਸਰ ਸਾਹਿਬ, ਸ੍ਰੀ ਤਰਨ-ਤਾਰਨ ਸਾਹਿਬ, ਸ੍ਰੀ ਗੋਇੰਦਵਾਲ ਸਾਹਿਬ, ਕਪੂਰਥਲਾ, ਕਰਤਾਰਪੁਰ ਸਾਹਿਬ, ਜਲੰਧਰ, ਬੰਗਾ, ਬਲਾਚੋਰ ਤੋ



ਹੁੰਦਾ ਹੋਇਆ ਸ੍ਰੀ ਅਨੰਦਪੁਰ ਸਾਹਿਬ ਵਿਖੇ ਸੰਪੂਰਨ ਹੋਵੇਗਾ। ਉਨ੍ਹਾਂ ਨੇ ਦੱਸਿਆ ਕਿ ਫਰੀਦਕੋਟ ਤੋ ਅਰੰਭ ਹੋਣ ਵਾਲਾ ਨਗਰ ਕੀਰਤਨ ਫਿਰੋਜ਼ਪੁਰ, ਮੋਗਾ, ਜਗਰਾਓ, ਲੁਧਿਆਣਾ, ਖੰਨਾ, ਸਰਹਿੰਦ, ਸ੍ਰੀ ਫਤਿਹਗੜ੍ਹ ਸਾਹਿਬ, ਮੋਰਿੰਡਾ, ਸ੍ਰੀ ਚਮਕੌਰ ਸਾਹਿਬ, ਰੂਪਨਗਰ ਤੋਂ ਹੁੰਦਾ ਹੋਇਆ ਸ੍ਰੀ ਅਨੰਦਪੁਰ ਸਾਹਿਬ ਵਿਖੇ ਸੰਪੂਰਨ ਹੋਵੇਗਾ। ਇਸੇ ਤਰਾਂ ਤਲਵੰਡੀ ਸਾਬੋ ਤੋ ਅਰੰਭ ਹੋਣ ਵਾਲਾ ਨਗਰ ਕੀਰਤਨ ਬਠਿੰਡਾ, ਬਰਨਾਲਾ, ਸੰਗਰੂਰ, ਪਟਿਆਲਾ, ਰਾਜਪੁਰਾ, ਬਨੂੜ, ਐਸਏਐਸ ਨਗਰ ਮੁਹਾਲੀ, ਕੁਰਾਲੀ, ਰੂਪਨਗਰ ਤੋ ਹੁੰਦਾ ਹੋਇਆ ਸ੍ਰੀ ਅਨੰਦਪੁਰ ਸਾਹਿਬ ਵਿਖੇ ਸੰਪੂਰਨ ਹੋਵੇਗਾ। ਇਹ ਚਾਰੋਂ ਨਗਰ ਕੀਰਤਨ 22 ਨਵੰਬਰ ਨੂੰ ਸੰਪੂਰਨ ਹੋਣਗੇ। ਸ.ਬੈਂਸ ਨੇ ਦੱਸਿਆ ਕਿ ਸ੍ਰੀਨਗਰ ਤੋਂ ਮੇਨ ਰੂਟ ਅਤੇ ਗੁਰਦਾਸਪੁਰ, ਫਰੀਦਕੋਟ, ਤਲਵੰਡੀ ਸਾਬੋ ਤੋਂ ਇਹ ਅਲੌਕਿਕ ਨਗਰ ਕੀਰਤਨ ਪੰਜਾਬ ਦੇ ਵੱਖ ਵੱਖ ਨਗਰਾਂ ਤੋ ਹੋ ਕੇ ਸ੍ਰੀ ਅਨੰਦਪੁਰ ਸਾਹਿਬ ਪਹੁੰਚਣਗੇ। ਸੰਗਤਾਂ ਵੱਲੋਂ ਇਨ੍ਹਾਂ ਨਗਰ ਕੀਰਤਨਾਂ ਵਿੱਚ ਵੱਧ ਚੜ੍ਹ ਕੇ ਸਮੂਲੀਅਤ ਕੀਤੀ ਜਾਵੇਗੀ। ਪੰਜਾਬ ਸਰਕਾਰ ਵੱਲੋਂ ਵਿਆਪਕ ਪੱਧਰ ਤੇ ਤਿਆਰੀਆਂ ਕੀਤੀਆ ਜਾ ਰਹੀਆਂ ਹਨ।

# ਡਾ. ਆਸਾ ਸਿੰਘ ਘੁੰਮਣ ਦੀ ਅਨੁਵਾਦਿਤ ਪੁਸਤਕ "ਕਹਾਣੀ ਬਿਨ ਸਰਨਾਂਵਿਓਂ" ਲੋਕ ਅਰਪਣ

**ਕਪੂਰਥਲਾ (ਕੌੜਾ)–** ਜ਼ਿਲ੍ਹਾ ਭਾਸ਼ਾ ਅਫ਼ਸਰ, ਕਪੂਰਥਲਾ ਵੱਲੋਂ ਲਾਇਲਪੁਰ ਖ਼ਾਲਸਾ ਕਾਲਜ, ਅਰਬਨ ਸਟੇਟ, ਕਪੂਰਥਲਾ ਦੇ ਸਹਿਯੋਗ ਨਾਲ ਡਾ. ਆਸਾ ਸਿੰਘ ਘੁੰਮਣ ਜੀ ਦੀ ਅਨੁਵਾਦਿਤ ਪੁਸਤਕ "ਕਹਾਣੀ ਬਿਨ ਸਰਨਾਂਵਿਓਂ" (ਚੈਖਵ ਦੀਆਂ ਤੇਰ੍ਹਾਂ ਕਹਾਣੀਆਂ) ਦਾ ਲੋਕ ਅਰਪਣ ਸਮਾਗਮ ਲਾਇਲਪੁਰ ਖ਼ਾਲਸਾ ਕਾਲਜ, ਅਰਬਨ ਸਟੇਟ ਕਪੂਰਥਲਾ ਵਿਖੇ ਕਰਵਾਇਆ ਗਿਆ। ਇਸ ਮੌਕੇ ਬਤੌਰ ਮੁੱਖ ਮਹਿਮਾਨ ਸ. ਮੋਤਾ ਸਿੰਘ ਸਰਾਏ (ਪ੍ਰਧਾਨ ਯੂਰਪੀ ਸੱਥ, ਯੂਕੇ), ਬਤੌਰ ਵਿਸ਼ੇਸ਼ ਮਹਿਮਾਨ ਸ. ਲਖਵਿੰਦਰ ਸਿੰਘ ਜੌਹਲ ਨੇ ਸ਼ਿਰਕਤ ਕੀਤੀ। ਇਸ ਸਮਾਗਮ ਦੀ ਪ੍ਰਧਾਨਗੀ ਡਾ. ਬਲਦੇਵ ਸਿੰਘ ਢਿੱਲੋਂ (ਪ੍ਰਿੰਸੀਪਲ ਲਾਇਲਪੁਰ ਖ਼ਾਲਸਾ ਕਾਲਜ, ਅਰਬਨ ਅਸਟੇਟ, ਕਪੂਰਥਲਾ) ਵੱਲੋਂ ਕੀਤੀ ਗਈ। ਪੁਸਤਕ ਬਾਰੇ ਜਾਣ ਪਹਿਚਾਣ ਡਾ. ਰਾਮ ਮੂਰਤੀ ਘਈ ਵੱਲੋਂ ਕਰਵਾਈ ਗਈ। ਇਸ ਸਮਾਗਮ ਵਿੱਚ ਮੰਚ ਸੰਚਾਲਨ ਦੀ ਭੂਮਿਕਾ ਸ਼੍ਰੀ ਸ਼ਹਿਬਾਜ਼ ਖਾਨ ਨੇ ਅਦਾ ਕੀਤੀ। ਡਾ. ਆਸਾ ਸਿੰਘ ਘੁੰਮਣ ਨੇ ਆਪਣੀ ਇਸ ਪੁਸਤਕ ਵਿੱਚੋਂ ਇੱਕ ਕਹਾਣੀ ਦਾ ਉਚਾਰਣ ਵੀ ਕੀਤਾ।



ਇਸ ਮੌਕੇ ਸ਼੍ਰੀਮਤੀ ਜਸਪ੍ਰੀਤ ਕੌਰ, ਜ਼ਿਲ੍ਹਾ ਭਾਸ਼ਾ ਅਫ਼ਸਰ, ਕਪੂਰਥਲਾ ਵੱਲੋਂ ਡਾ. ਆਸਾ ਸਿੰਘ ਘੁੰਮਣ ਨੂੰ ਵਧਾਈਆਂ ਦਿੰਦੇ ਹੋਏ ਕਿਹਾ ਕਿ ਉਹਨਾਂ ਦੀਆਂ ਕਿਤਾਬਾਂ ਨਵੀਂ ਪੀੜ੍ਹੀ ਦੀ ਪਹਿਲੀ ਪਸੰਦ ਨੇ, ਚੈਖ਼ਵ ਆਪਣੇ ਸਮੇਂ ਦਾ ਇਤਿਹਾਸਿਕ ਕਹਾਣੀਕਾਰ ਰਿਹਾ ਹੈ ਅਤੇ ਉਸ ਵੱਲੋਂ ਆਪਣੇ ਪਾਤਰ ਰੋਜ਼ਾਨਾ ਜ਼ਿੰਦਗੀ ਵਿੱਚੋਂ ਨਿਕਲੇ ਤਜ਼ਰਬਿਆਂ ਤੋਂ ਘੜ੍ਹੇ ਹੁੰਦੇ ਸਨ। ਇਹ ਅਨੁਵਾਦਿਤ ਪੁਸਤਕ ਹਰ ਉਮਰ ਵਰਗ ਦੇ ਪਾਠਕ ਲਈ ਪੜ੍ਹਨ ਅਤੇ ਸਿੱਖਣਯੋਗ ਹੋਵੇਗੀ।

ਇਸ ਮੌਕੇ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ ਕਪੂਰਥਲਾ ਦੇ ਸਟਾਫ਼ ਵੱਲੋਂ ਭਾਸ਼ਾ ਪੰਜਾਬ ਵੱਲੋਂ ਪ੍ਰਕਾਸ਼ਿਤ ਪੁਸਤਕਾਂ ਦੀ ਪ੍ਰਦਰਸ਼ਨੀ ਵੀ ਲਗਾਈ ਗਈ। ਜਿਸ 'ਤੇ ਆਏ ਹੋਏ ਮਹਿਮਾਨਾਂ ਅਤੇ ਕਾਲਜ ਦੇ ਵਿਦਿਆਰਥੀਆਂ ਵੱਲੋਂ ਪੁਸਤਕਾਂ ਵੀ ਖਰੀਦੀਆਂ। ਸਮਾਗਮ ਮੌਕੇ ਪ੍ਰੋਮਿਲਾ ਅਰੋੜਾ, ਪ੍ਰੋ. ਕੁਲਵੰਤ ਸਿੰਘ ਔਜਲਾ, ਪ੍ਰੋ ਹਰਜੀਤ ਸਿੰਘ ਅਸ਼ਕ, ਸੁਰਿੰਦਰ ਸਿੰਘ ਸੁੰਨੜ, ਰਤਨ ਸਿੰਘ ਸੰਧੂ, ਕੰਵਰ ਇਕਬਾਲ ਸਿੰਘ, ਡਾਕਟਰ ਸੁਖਪਾਲ ਸਿੰਘ ਥਿੰਦ, ਰੋਸ਼ਨ ਖੈੜਾ, ਵਿਸ਼ਾਲ ਬਿਆਸ, ਪ੍ਰਿੰਸੀਪਲ ਲਖਵੀਰ ਸਿੰਘ ਸਟੇਟ ਐਵਾਰਡੀ,ਸਵਰਨ ਸਿੰਘ ਪਰਦੇਸੀ, ਜਨਪ੍ਰੀਤ ਬੇਗੋਵਾਲ, ਹਰਪਾਲ ਸਿੰਘ ਬਾਵਾ, ਗੁਰਦੀਪ ਗਿੱਲ, ਸੁਰਜੀਤ ਸਾਜਨ, ਚੰਨ ਮੋਮੀ, ਕਰਮਜੀਤ ਸਿੰਘ ਨਡਾਲਾ, ਨਿਰਮਲ ਸਿੰਘ ਖੱਖ, ਮਲਕੀਤ ਸਿੰਘ ਮੀਤ, ਨਵਜੋਤ ਸਿੰਘ, ਤੇਜਬੀਰ ਸਿੰਘ ਨੰਨੜਾ, ਲਖਬੀਰ ਸਿੰਘ, ਜਗਮਿੰਦਰ ਕੋਰ, ਡਿੰਪਲ, ਹਰਦੇਵ ਸਿੰਘ ਲੱਖਣ ਕਲਾਂ, ਹਰਜਿੰਦਰ ਸਿੰਘ ਰਾਣਾ ਸੈਦੋਵਾਲ, ਮਨਜਿੰਦਰ ਕਮਲ, ਗੁਰਦੀਪ ਸਿੰਘ ਚੀਮਾ, ਦੀਪਕ ਨਾਹਰ, ਰਣਜੀਤ ਸਿੰਘ ਸਪਨਾ, ਆਸ਼ੂ ਕੁਮਰਾ, ਅਵਤਾਰ ਸਿੰਘ ਭੰਡਾਲ, ਮਨਜਿੰਦਰ ਸਿੰਘ ਜੌਹਲ ਦੇ ਨਾਲ ਦਫ਼ਤਰੀ ਸਟਾਫ਼ ਮਨੀਸ਼ ਕੁਮਾਰ ਅਤੇ ਸਲਮਾਨ ਹਾਜ਼ਰ ਸਨ।

# ਪੰਜਾਬ ਸਰਕਾਰ ਵੱਲੋਂ ਪਿੰਡਾਂ ਤੇ ਸ਼ਹਿਰਾਂ ਦੀਆਂ ਮੰਡੀਆਂ ਵਿੱਚੋਂ ਝੋਨੇ ਦੀ ਖ਼ਰੀਦ ਬੰਦ ਕਰਨ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ

## ਦੋਨਾ ਇਲਾਕੇ ਵਿੱਚ 15 ਪ੍ਰਤੀਸ਼ਤ ਤੋਂ ਵੱਧ ਝੋਨੇ ਦੀ ਫਸਲ ਖੇਤਾਂ ਵਿੱਚ ਖੜ੍ਹੀ ਹੈ – ਦਲਵਿੰਦਰ ਸਿੱਧੂ

**ਕਪੂਰਥਲਾ ( ਕੌੜਾ)–** ਸਿੱਧਵਾਂ ਦੋਨਾ ਕਪੂਰਥਲਾ ਦੀ ਸੈਂਟਰ ਮੰਡੀ ਵਿਖੇ ਝੋਨੇ ਦੀ ਫਸਲ ਵੇਚਣ ਆਏ ਵੱਖ- ਵੱਖ ਪਿੰਡਾਂ ਦੇ ਕਿਸਾਨਾਂ ਜਿਹਨਾਂ ਵਿਚ ਜੋਗਾ ਸਿੰਘ ਸਿੱਧੂ, ਪਰਮਿੰਦਰ ਸਿੰਘ ਅਤੇ ਅਮਰੀਕ ਸਿੰਘ ਸਿੱਧਵਾਂ ਦੋਨਾਂ ਨੇ " ਪੱਤਰਕਾਰਾਂ " ਨਾਲ਼ ਗੱਲਬਾਤ ਕਰਦਿਆਂ ਹੋਇਆਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪਿੰਡਾਂ ਤੇ ਸ਼ਹਿਰਾਂ ਦੀਆਂ ਮੰਡੀਆਂ ਵਿੱਚੋਂ ਝੋਨੇ ਦੀ ਖ਼ਰੀਦ ਬੰਦ ਕਰਨ ਨਾਲ਼ ਉਹਨਾਂ ਦੀ ਝੋਨੇ ਦੀ ਫਸਲ ਨੂੰ ਕੋਈ ਖ਼ਰੀਦ ਏਜੰਸੀ , ਖ਼ਰੀਦ ਨਹੀਂ ਰਹੀ ਅਤੇ ਓਹਨਾ ਦੀ ਖੱਜਲ ਖੁਆਰ ਹੋ ਰਹੀ ਹੈ। ਓਹਨਾਂ ਆਖਿਆ ਕਿ ਪਿਛਲੇ ਦਿਨੀ ਹੋਈਆਂ ਭਾਰੀ ਮੀਂਹਾਂ ਕਾਰਨ ਝੋਨੇ ਦੀ ਫਸਲ ਪੱਕਣ ਵਿੱਚ ਦੇਰੀ ਹੋਈ ਅਤੇ ਹੁਣ ਸਰਕਾਰ ਨੇ ਸਮੇਂ ਤੋਂ ਪਹਿਲਾਂ ਹੀ ਮੰਡੀਆਂ ਬੰਦ ਕਰਕੇ ਕਿਸਾਨਾਂ ਲਈ ਮੁਸੀਬਤਾਂ ਖੜ੍ਹੀਆਂ ਕਰ ਦਿੱਤੀਆਂ ਹਨ।





ਮੌਕੇ ਉੱਤੇ ਪਹੁੰਚੇ ਸ਼੍ਰੋਮਣੀ ਅਕਾਲੀ ਦਲ ਕਪੂਰਥਲਾ ਦੇ ਜਿਲਾ ਪ੍ਰਧਾਨ ਦਲਵਿੰਦਰ ਸਿੰਘ ਸਿੱਧੂ ਨੇ ਗੱਲਬਾਤ ਦੌਰਾਨ ਆਖਿਆ ਕਿ ਪੰਜਾਬ ਸਰਕਾਰ ਨੇ ਪਹਿਲਾਂ ਪਿੰਡਾਂ ਦੀਆਂ ਸੈਂਟਰ ਮੰਡੀਆਂ ਵਿੱਚੋਂ ਝੋਨੇ ਦੀ ਖਰੀਦ ਬੰਦ ਕੀਤੀ ਅਤੇ ਹੁਣ 10 ਨਵੰਬਰ ਨੂੰ ਇੱਕ ਹੋਰ ਦੀਆਂ ਮੰਡੀਆਂ ਨੂੰ ਵੀ ਇੱਕ ਕੁੜੀ ਪੰਜਾਬ ਸਰਕਾਰ ਨੇ ਬੰਦ ਕਰ ਦਿੱਤਾ ਹੈ । ਦੂਸਰੇ ਪਾਸੇ ਸ਼ਹਿਰੀ ਤੇ ਪੇਂਡੂ ਇਲ-ਾਕੇ ਦੀਆਂ ਸੈਂਟਰ ਮੰਡੀਆਂ ਵਿੱਚ ਝੋਨੇ ਦੀ ਫਸਲ ਵੇਚਣ ਲਈ ਆ ਰਹੇ ਕਿਸਾਨ ਪਰੇਸ਼ਾਨ ਹਨ । ਓਹਨਾਂ ਆਖਿਆ ਕਿ ਦੋਨਾ ਇਲਾਕੇ ਵਿੱਚ 15 ਪ੍ਰਤੀਸ਼ਤ ਤੋਂ ਵੱਧ ਝੋਨੇ ਦੀ ਫਸਲ ਖੇਤਾਂ ਵਿੱਚ ਖੜ੍ਹੀ ਹੈ ਅਤੇ ਠੰਡ ਕਾਰਨ ਝੋਨੇ ਦੀ ਫਸਲ ਪੱਕਣ ਵਿੱਚ ਵਧੇਰੇ ਸਮਾਂ ਲੈ ਰਹੀ ਹੈ। ਓਹਨਾਂ ਆਖਿਆ ਕਿ ਜੇ ਸਰਕਾਰ ਪਿੰਡਾਂ ਅਤੇ ਸ਼ਹਿਰੀ ਖੇਤਰ ਦੀਆਂ ਮੰਡੀਆਂ ਵਿੱਚ ਝੋਨੇ ਦੀ ਸਰਕਾਰੀ ਖਰੀਦ ਮੁੜ ਸ਼ੁਰੂ ਨਹੀਂ ਕਰਦੀ ਤਾਂ ਮਜਬੂਰਨ ਕਿਸਾਨਾਂ ਨੂੰ ਆਪਣੀ ਝੋਨੇ ਦੀ ਫਸਲ ਸ਼ੈਲਰ ਮਾਲਕਾਂ ਨੂੰ ਸਸਤੇ ਭਾਅ ਉੱਤੇ ਵੇਚਣੀ ਪਵੇਗੀ ਜੋ ਕਿਸਾਨਾਂ ਦਾ ਆਰਥਿਕ ਸ਼ੋਸ਼ਣ ਹੋਵੇਗਾ । ਪ੍ਰਭਾਵਿਤ ਕਿਸਾਨਾਂ ਅਤੇ ਸ਼੍ਰੋਮਣੀ ਅਕਾਲੀ ਦਲ ਕਪੂਰਥਲਾ ਦੇ ਜਿਲਾ ਪ੍ਰਧਾਨ ਦਲਵਿੰਦਰ ਸਿੰਘ ਸਿੱਧੂ ਨੇ ਪੰਜਾਬ ਸਰਕਾਰ ਪਾਸੋਂ ਪੁਰ-ਜੋਰ ਸ਼ਬਦਾਂ ਵਿੱਚ ਮੰਗ ਕੀਤੀ ਕਿ ਪੇਂਡੂ ਅਤੇ ਸ਼ਹਿਰੀ ਖੇਤਰ ਦੀਆਂ ਮੰਡੀਆਂ ਵਿੱਚ ਝੋਨੇ ਦੀ ਸਰਕਾਰੀ ਖਰੀਦ ਤੁਰੰਤ ਬਹਾਲ ਕੀਤੀ ਜਾਵੇ ਤਾਂ ਜੋ ਕਿਸਾਨ ਝੋਨੇ ਦੀ ਫਸਲ ਸਰਕਾਰੀ ਖਰੀਦ ਉੱਤੇ ਵੇਚ ਸਕਣ।

# ਵਰਸੋਏ ਹੈਲਥ ਕੇਅਰ ਨੇ ਡੀ.ਐਮ.ਸੀ ਹੈਲਥਕੇਅਰ ਪ੍ਰਦਰਸ਼ਨੀ ਵਿੱਚ ਆਪਣੇ ਉਤਪਾਦਾਂ ਦਾ ਪ੍ਰਦਰਸ਼ਨ ਕੀਤਾ




**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਵਰਸੋਏ ਹੈਲਥਕੇਅਰ ਨੇ ਦੰਡੀ ਸਵਾਮੀ ਚੌਕ ਵਿਖੇ ਡੀ.ਐਮ.ਸੀ ਹੈਲਥ ਕੇਅਰ ਪ੍ਰਦਰਸ਼ਨੀ ਵਿੱਚ ਆਪਣੇ ਉਤਪਾਦਾਂ ਦਾ ਪ੍ਰਦਰਸ਼ਨ ਕੀਤਾ। ਜਨਰਲ ਸੇਲਜ਼ ਮੈਨੇਜਰ ਗੌਰਵ ਕੁਮਾਰ ਨੇ ਕਿਹਾ ਕਿ ਪਿਛਲੇ 13 ਸਾਲਾਂ ਤੋਂ, ਕੰਪਨੀ ਮਰੀਜ਼ਾਂ ਨੂੰ ਸਹੀ ਦਵਾਈਆਂ ਪ੍ਰਾਪਤ ਕਰਨ ਨੂੰ ਯਕੀਨੀ ਬਣਾਉਣ ਲਈ ਬਾਜ਼ਾਰ ਵਿੱਚ ਨਵੀਨਤਾਕਾਰੀ ਫਾਰਮਾਸਿਊਟੀਕਲ ਉਤਪਾਦ ਪੇਸ਼ ਕਰ ਰਹੀ ਹੈ, ਜੋ ਮੌਜੂਦਾ ਸਿਹਤ ਸੰਭਾਲ ਉਤਪਾਦਾਂ ਦੇ ਪੂਰਕ ਹਨ। ਉਨ੍ਹਾਂ ਅੱਗੇ ਕਿਹਾ ਕਿ ਇਸ ਪ੍ਰਦਰਸ਼ਨੀ ਵਿੱਚ, ਅਸੀਂ ਵਿਸ਼ੇਸ਼ ਤੌਰ 'ਤੇ ਆਇਰਨ ਕੈਂਡੀ ਪੇਸ਼ ਕੀਤੀ ਹੈ, ਜਿਸਦਾ ਕੋਈ ਮਾੜਾ ਪ੍ਰਭਾਵ ਨਹੀਂ ਹੈ। ਉਨ੍ਹਾਂ ਇਹ ਵੀ ਕਿਹਾ ਕਿ ਛੇ ਨਵੇਂ ਸਿਹਤ ਸੰਭਾਲ ਬ੍ਰਾਂਡ ਜਲਦੀ ਹੀ ਬਾਜ਼ਾਰ ਵਿੱਚ ਆ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਮੁੰਬਈ, ਅਹਿਮਦਾਬਾਦ ਅਤੇ ਬੱਦੀ ਵਿੱਚ ਸਾਡੇ ਪਲਾਂਟ ਕਈ ਸਾਲਾਂ ਤੋਂ ਸਫਲਤਾਪੂਰਵਕ ਕੰਮ ਕਰ ਰਹੇ ਹਨ ਅਤੇ ਜਲਦੀ ਹੀ ਪੂਰੇ ਭਾਰਤ ਵਿੱਚ ਯੂਨਿਟ ਸਥਾਪਿਤ ਕਰਨਗੇ। ਉਨ੍ਹਾਂ ਅੱਗੇ ਕਿਹਾ ਕਿ ਮੈਕਸ ਹਸਪਤਾਲ, ਫੋਰਟਿਸ ਹਸਪਤਾਲ, ਡੀ.ਐਮ.ਸੀ ਅਤੇ ਸੀ.ਐਮ.ਸੀ ਵਰਗੇ ਮਸ਼ਹੂਰ ਹਸਪਤਾਲਾਂ ਵਿੱਚ ਸਾਡੀਆਂ ਬ੍ਰਾਂਡ ਵਾਲੀਆਂ ਦਵਾਈਆਂ ਦੀ ਵਰਤੋਂ ਕਰਕੇ ਮਰੀਜ਼ ਚੰਗੀ ਸਿਹਤ ਦਾ ਆਨੰਦ ਮਾਣ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਸਾਡੇ ਸਾਰੇ ਉਤਪਾਦ ਵਿਸ਼ਵ ਸਿਹਤ ਸੰਗਠਨ ਦੁਆਰਾ ਪ੍ਰਮਾਣਿਤ ਹਨ। ਇਸ ਮੌਕੇ ਹਿਤੇਸ਼ ਕੁਮਾਰ, ਵਿਨੈ ਗਰੋਵਰ, ਰਵਿੰਦਰ ਸਿੰਘ, ਵਾਸੂ ਅਰੋੜਾ, ਸੁਮਿਤ ਬੱਗਾ, ਸੋਨੂੰ ਕੁਮਾਰ, ਜੁਗਲ, ਗੌਰਵ ਠਾਕੁਰ, ਭਾਰਦਵਾਜ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ ।

# ਬਸਪਾ ਜ਼ਿਲ੍ਹਾ ਜਲੰਧਰ ਦੇ ਕੋਆਰਡੀਨੇਟਰ ਦੇ ਵੱਲੋਂ ਇੱਕ ਲੱਖ ਰੁਪਏ ਕੇਂਦਰੀ ਫੰਡ ਲਈ ਦਿੱਤੇ

**ਫਿਲੌਰ (ਚਰਨਜੀਤ ਸੱਲ੍ਹਾਂ )** ਬਹੁਜਨ ਸਮਾਜ ਪਾਰਟੀ ਜਿਲਾ ਜਲੰਧਰ ਦੇ ਕੋਆਰਡੀਨੇਟਰ ਅਤੇ ਵਿਧਾਨ ਸਭਾ ਹਲਕਾ ਫਲੋਰ ਦੇ ਇੰਚਾਰਜ ਸ੍ਰੀ ਖੁਸ਼ੀ ਰਾਮ ਜੀ ਸਰਪੰਚ ਪਿੰਡ ਨੰਗਲ ਅਤੇ ਉਹਨਾਂ ਦੀ ਸਹਿਯੋਗੀ ਟੀਮ ਵੱਲੋਂ ਬਹੁਜਨ ਸਮਾਜ ਪਾਰਟੀ ਦੇ ਕੇਂਦਰੀ ਫੰਡ ਵਿੱਚ ਇਕ ਲੱਖ ਰੁਪਏ ਦਾ ਆਰਥਿਕ ਸਹਿਯੋਗ ਦੇਣ ਲਈ ਪੰਜਾਬ ਬਹੁਜਨ ਸਮਾਜ ਪਾਰਟੀ ਵੱਲੋਂ ਸਰਪੰਚ ਸ਼੍ਰੀ ਖੁਸ਼ੀ ਰਾਮ ਜੀ ਇੰਚਾਰਜ ਵਿਧਾਨ ਸਭਾ ਹਲਕਾ ਫਲੋਰ ਅਤੇ ਉਹਨਾਂ ਦੀ ਸਹਿਯੋਗੀ ਟੀਮ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਅਤੇ ਅਵਤਾਰ ਸਿੰਘ ਕਰੀਮਪੁਰੀ ਪ੍ਰਧਾਨ ਬਸਪਾ ਪੰਜਾਬ ਨੇ ਉਨ੍ਹਾਂ ਦੀ ਬਹੁਤ ਕੰਮ ਕਰਨ



ਦੀ ਸ਼ਲਾਘਾ ਕੀਤੀ ਅਤੇ ਆਪਣੇ ਵਰਗੇ ਮਿਸ਼ਨਰੀ ਅਤੇ ਪਾਰਟੀ ਨੂੰ ਸਮਰਪਿਤ ਵਰਕਰਾਂ ਦੀ ਲੋੜ ਹੈ।

# ਵਾਈਟ ਸਿਟੀ ਬਣੇਗੀ ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ - ਹਰਜੋਤ ਸਿੰਘ ਬੈਂਸ

## ਸ਼ਹਿਰ ਦਾ ਕੋਨਾ ਕੋਨਾ ਸਫੇਦ ਰੰਗ ਵਿਚ ਰੰਗਣ ਦੀ ਸੇਵਾ ਅੱਜ ਤੋ ਹੋਵੇਗੀ ਸ਼ੁਰੂ- ਕੈਬਨਿਟ ਮੰਤਰੀ

**ਰੂਪਨਗਰ /ਸ੍ਰੀ ਅਨੰਦਪੁਰ ਸਾਹਿਬ (ਜਤਿੰਦਰ ਪਾਲ ਸਿੰਘ ਕਲੇਰ )** ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਨੂੰ ਸਫੇਦ ਰੰਗ ਵਿਚ ਰੰਗ ਕੇ ਵਾਈਟ ਸਿਟੀ ਬਣਾਉਣ ਦੀ ਸੇਵਾ ਅੱਜ 12 ਨਵੰਬਰ ਨੂੰ ਬੱਸ ਅੱਡੇ ਤੋ ਅਰੰਭ ਹੋਵੇਗੀ ਅਤੇ ਸ਼ਹਿਰ ਦੀਆਂ ਸਾਰੀਆਂ ਗਲੀਆਂ, ਬਜ਼ਾਰਾਂ ਵਿੱਚ ਜਾ ਕੇ ਹਰ ਘਰ ਤੇ ਵਪਾਰਕ ਅਦਾਰੇ ਨੂੰ ਸਫੇਦ ਰੰਗ ਵਿੱਚ ਰੰਗਿਆ ਜਾਵੇਗਾ।

ਇਸ ਸਬੰਧੀ ਹੋਰ ਜਾਣਕਾਰੀ ਦਿੰਦੇ ਹੋਏ ਹਲਕਾ ਵਿਧਾਇਕ ਤੇ ਸਿੱਖਿਆ ਮੰਤਰੀ ਸ੍ਰ. ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਹਿੰਦ ਦੀ ਚਾਦਰ ਨੌਵੇਂ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਮੌਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਵਿਸ਼ਵ ਪੱਧਰੀ ਸਮਾਗਮ ਕਰਵਾਏ ਜਾ ਰਹੇ ਹਨ। ਜਿਨ੍ਹਾਂ ਵਿੱਚ ਲਗਭਗ 1 ਕਰੋੜ ਤੋ ਵੱਧ ਸੰਗਤ ਦੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਪਹੁੰਚਣ ਦੀ ਸੰਭਾਵਨਾ ਹੈ। ਜਿਸ ਦੇ ਚੱਲਦਿਆਂ ਪੰਜਾਬ ਸਰਕਾਰ ਵੱਲੋਂ ਸੰਗਤਾਂ ਦੀ ਸਹੂਲਤ ਲਈ ਸਾਰੇ ਪ੍ਰਬੰਧ ਵਿਆਪਕ ਪੱਧਰ ਤੇ ਮੁਕੰਮਲ



ਕਰਵਾਏ ਜਾ ਰਹੇ ਹਨ। ਇਸੇ ਲੜੀ ਤਹਿਤ ਅੱਜ ਤੋ ਸ੍ਰੀ ਅਨੰਦਪੁਰ ਸਾਹਿਬ ਦੇ ਕੋਨੇ ਕੋਨੇ ਨੂੰ ਸਫੇਦ ਰੰਗ ਵਿਚ ਰੰਗਿਆ ਜਾ ਰਿਹਾ ਹੈ। ਜਿਸ ਦੀ ਸ਼ੁਰੂਆਤ ਬਾਬਾ ਸਤਨਾਮ ਸਿੰਘ ਜੀ ਕਿਲ੍ਹਾ ਅਨੰਦਗੜ੍ਹ ਸਾਹਿਬ ਵਾਲੇ ਗੁਰੂ ਸਾਹਿਬ ਦੇ ਚਰਨਾਂ ਵਿਚ ਅਰਦਾਸ ਬੇਨਤੀ ਕਰਕੇ ਕਰਨਗੇ। ਇਸ ਸੇਵਾ ਵਿੱਚ ਹਲਕੇ ਦੇ ਸਾਰੇ ਯੂਥ ਕਲੱਬਾਂ,ਪੰਚਾਂ, ਸਰਪੰਚਾਂ, ਸਮੂਹ ਆਪ ਅਹੁਦੇਦਾਰਾਂ , ਪਤਵੰਤਿਆਂ ਅਤੇ ਕੌਂਸਲਰਾਂ ਨੂੰ ਸ਼ਾਮਿਲ ਹੋਣ ਲਈ ਅਪੀਲ ਕੀਤੀ ਹੈ।

ਸ.ਬੈਂਸ ਨੇ ਦੱਸਿਆ ਕਿ ਜਿਲ੍ਹਾ ਰੂਪਨਗਰ ਦੇ ਡਿਪਟੀ ਕਮਿਸ਼ਨਰ ਸ੍ਰੀ ਵਰਜੀਤ ਵਾਲੀਆ, ਐਸ.ਐਸ.ਪੀ ਗੁਲਨੀਤ ਸਿੰਘ ਖੁਰਾਨਾ ਸਮੇਤ ਜਿਲ੍ਹੇ ਦੇ ਸਮੂਹ ਸੀਨੀਅਰ ਅਧਿਕਾਰੀ ਇਸ ਸੇਵਾ ਵਿੱਚ ਵਿਸੇਸ਼ ਤੌਰ ਤੇ ਮੌਜੂਦ ਰਹਿਣਗੇ। ਉਨ੍ਹਾਂ ਦੱਸਿਆ ਕਿ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਲਗਭਗ 20 ਹਜ਼ਾਰ ਲੀਟਰ ਤੋ ਵੱਧ ਸਫੇਦ ਰੰਗ ਇਕੱਠਾ ਕੀਤਾ ਗਿਆ ਹੈ, ਜਿਸ ਦੇ ਨਾਲ ਸ਼ਹਿਰ ਦੀ ਸੁੰਦਰਤਾ ਨੂੰ ਹੋਰ ਲਿਸ਼ਕਾਇਆ ਜਾਵੇਗਾ। ਉਨ੍ਹਾਂ ਨੇ ਸਮੂਹ ਨਗਰ ਨਿਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਰਲ ਮਿਲ ਕੇ ਇਸ ਮੁਹਿੰਮ ਵਿਚ ਸਹਿਯੋਗ ਦੇਣ ਤਾਂ ਜੋ ਅਨੰਦਾਂ ਦੀ ਪੁਰੀ ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਨੂੰ ਵਾਈਟ ਸਿਟੀ ਬਣਾਇਆ ਜਾ ਸਕੇ।

# ਸੀ.ਟੀ. ਯੂਨੀਵਰਸਿਟੀ ਵੱਲੋਂ ਵਿਸ਼ਵ ਰੇਡੀਓਗ੍ਰਾਫੀ ਦਿਵਸ 2025 ਸ਼ਾਨਦਾਰ ਨਾਲ ਮਨਾਇਆ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਸੀ.ਟੀ. ਯੂਨੀਵਰਸਿਟੀ, ਲੁਧਿਆਣਾ ਦੇ ਸਕੂਲ ਆਫ ਹੈਲਥਕੇਅਰ ਸਾਇੰਸਜ਼ ਅਧੀਨ ਰੇਡੀਓਲੌਜੀ ਐਂਡ ਇਮੇਜਿੰਗ ਟੈਕਨੋਲੋਜੀ ਵਿਭਾਗ ਵੱਲੋਂ ਵਿਸ਼ਵ ਰੇਡੀਓਗ੍ਰਾਫੀ ਦਿਵਸ 2025 ਨੂੰ ਬਹੁਤ ਹੀ ਉਤਸ਼ਾਹ ਤੇ ਵਿਦਿਆਤਮਕ ਜੋਸ਼ ਨਾਲ ਮਨਾਇਆ ਗਿਆ। ਇਸ ਮੌਕੇ "ਕ੍ਰਿਤ੍ਰਿਮ ਬੁੱਧੀ ਆਧਾਰਿਤ ਇਮੇਜਿੰਗ ਰਾਹੀਂ ਸਿਹਤ ਸੇਵਾਵਾਂ ਨੂੰ ਸਸ਼ਕਤ ਬਣਾਉਣਾ" ਵਿਸ਼ੇ 'ਤੇ ਇੱਕ ਸਤੰਤਰ ਮੈਡੀਕਲ ਸਿੱਖਿਆ ਪ੍ਰੋਗਰਾਮ (ਸੀ.ਐਮ.ਈ.) ਅਤੇ ਪ੍ਰਾਇਗਿਕ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ।




ਇਹ ਦਿਨ ਉਹਨਾਂ ਸਾਰੇ ਰੇਡੀਓਗ੍ਰਾਫਰਾਂ ਅਤੇ ਇਮੇਜਿੰਗ ਵਿਸ਼ੇਸ਼ ਗਿਆਨਾਂ ਨੂੰ ਸਮਰਪਿਤ ਕੀਤਾ ਗਿਆ, ਜਿਨ੍ਹਾਂ ਦੀ ਕਾਬਲੀਅਤ, ਸਟੀਕਤਾ ਅਤੇ ਸਮਰਪਣ ਸਿਹਤ ਸੇਵਾਵਾਂ ਦੀ ਮਜ਼ਬੂਤ ਨੀਂਹ ਹਨ।

ਇਸ ਮੌਕੇ ਵਿਸ਼ੇਸ਼ਗਿਆਨਾਂ ਨੇ ਕ੍ਰਿਤ੍ਰਿਮ ਬੁੱਧੀ ਦੀ ਭੂਮਿਕਾ ਤੇ ਚਰਚਾ ਕੀਤੀ ਕਿ ਕਿਵੇਂ ਇਹ ਰੇਡੀਓਲੌਜੀ ਤੇ ਇਮੇਜਿੰਗ ਖੇਤਰ ਵਿੱਚ ਨਵੇਂ ਆਵਿਸ਼ਕਾਰ ਅਤੇ ਤਕਨੀਕੀ ਉੱਨਤੀ ਲਿਆ ਰਹੀ ਹੈ।

ਮੁੱਖ ਵਕਤਾਵਾਂ ਵਿੱਚ ਸ਼ਾਮਲ ਸਨ — ਮਨਜਿੰਦਰ ਕੌਰ ਧਨਾਉ, ਰੇਡੀਏਸ਼ਨ ਸੁਰੱਖਿਆ ਅਧਿਕਾਰੀ, ਸੀ.ਐਮ.ਸੀ.ਐਚ. ਲੁਧਿਆਣਾ ਅਤੇ ਆਈ.ਐਸ.ਆਰ.ਟੀ. ਪੰਜਾਬ ਦੀ ਸੀਨੀਅਰ ਉਪ ਪ੍ਰਧਾਨ, ਡਾ: ਦਮਨਦੀਪ ਸਿੰਘ ਚਾਵਲਾ, ਸਹਾਇਕ ਨਿਰਦੇਸ਼ਕ, ਰੇਡੀਓਲੌਜੀ ਵਿਭਾਗ, ਐਸ.ਪੀ.ਐਸ. ਹਸਪਤਾਲ, ਲੁਧਿਆਣਾ, ਤਪੱਸਿਆ ਭਰਦਵਾਜ, ਰੇਡੀਓਲੌਜੀ ਟੈਕਨੋਲੋਜਿਸਟ, ਪੀ.ਜੀ.ਆਈ.ਐਮ.ਈ.ਆਰ. ਚੰਡੀਗੜ੍ਹ ਅਤੇ ਆਈ.ਐਸ.ਆਰ.ਟੀ. ਮੈਂਬਰ (ਚੰਡੀਗੜ੍ਹ ਚੈਪਟਰ), ਅਤੇ ਗੋਪੀ ਚੰਦ ਡੋਭਾਲ, ਸੀਨੀਅਰ ਟੈਕਨੋਲੋਜਿਸਟ, ਰੇਡੀਓ-ਨਿਦਾਨ ਵਿਭਾਗ, ਪੀ.ਜੀ.ਆਈ.ਐਮ.ਈ.ਆਰ. ਚੰਡੀਗੜ੍ਹ ਅਤੇ ਆਈ.ਐਸ.ਆਰ.ਟੀ. ਦੇ ਮਹਾਂ ਸਕੱਤਰ (ਚੰਡੀਗੜ੍ਹ ਚੈਪਟਰ)।

ਇਹਨਾਂ ਵਿਸ਼ੇਸ਼ਗਿਆਨਾਂ ਨੇ ਗੁਣਵੱਤਾ ਵਾਲੀ ਇਮੇਜਿੰਗ, ਰੇਡੀਏਸ਼ਨ ਸੁਰੱਖਿਆ ਅਤੇ ਕ੍ਰਿਤ੍ਰਿਮ ਬੁੱਧੀ ਨਾਲ ਜੁੜੀਆਂ ਨਿਦਾਨਕ ਪ੍ਰਕਿਰਿਆਵਾਂ 'ਤੇ ਆਪਣਾ ਅਨੁਭਵ ਸਾਂਝਾ ਕੀਤਾ।

ਉਹਨਾਂ ਦੇ ਵਿਚਾਰਾਂ ਨੇ ਵਿਦਿਆਰਥੀਆਂ ਅਤੇ ਹਾਜ਼ਰ ਸ਼ਰਕਤਕਾਰਾਂ ਨੂੰ ਨਵੀਆਂ ਦਿਸ਼ਾਵਾਂ ਵੱਲ ਪ੍ਰੇਰਿਤ ਕੀਤਾ।

ਦਿਨ ਦੀ ਖਾਸ ਵਿਸ਼ੇਸ਼ਤਾ ਸੀ "ਰੇਡੀਓਗ੍ਰਾਫੀ ਵਿੱਚ ਗੁਣਵੱਤਾ ਜਾਂਚ ਅਤੇ ਗੁਣਵੱਤਾ ਨਿਯੰਤਰਣ" 'ਤੇ ਆਧਾਰਿਤ ਪ੍ਰਾਇਗਿਕ ਵਰਕਸ਼ਾਪ, ਜਿਸ ਦਾ ਆਯੋਜਨ ਬੀ.ਐਨ. ਮੈਡੀਕਲ ਸੋਲੂਸ਼ਨਜ਼ ਵੱਲੋਂ ਰਿਸ਼ਵ ਸ਼ਰਮਾ (ਰੇਡੀਏਸ਼ਨ ਸੁਰੱਖਿਆ ਅਧਿਕਾਰੀ – ਗੁਣਵੱਤਾ ਭਰੋਸਾ) ਦੀ ਅਗਵਾਈ ਹੇਠ ਕੀਤਾ ਗਿਆ।

ਇਸ ਸਮਾਗਮ ਦੀ ਸ਼ੋਭਾ ਵਧਾਈ ਡਾ: ਨਿਤਿਨ ਟੰਡਨ, ਉਪ ਕੁਲਪਤੀ, ਸੀ.ਟੀ. ਯੂਨੀਵਰਸਿਟੀ ਨੇ ਮੁੱਖ ਸਨਰਕਸ਼ਕ ਵਜੋਂ, ਡਾ: ਸਿਮਰਨ ਕੌਰ ਗਿੱਲ, ਪ੍ਰੋ ਉਪ ਕੁਲਪਤੀ ਨੇ ਸਨਰਕਸ਼ਕ ਵਜੋਂ, ਅਤੇ ਡਾ: ਸੈਂਪੀ ਦੁੱਗਲ, ਪ੍ਰਿੰਸੀਪਲ, ਸਹਾਇਕ ਸਿਹਤ ਵਿਗਿਆਨ ਸਕੂਲ ਨੇ ਸੰਯੋਜਕ ਵਜੋਂ। ਆਪਣੇ ਸੰਬੋਧਨ ਵਿੱਚ ਡਾ: ਨਿਤਿਨ ਟੰਡਨ ਨੇ ਵਿਭਾਗ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਸੀ.ਟੀ. ਯੂਨੀਵਰਸਿਟੀ ਸਿੱਖਿਆ ਅਤੇ ਆਧੁਨਿਕ ਤਕਨਾਲੋਜੀ ਨੂੰ ਜੋੜਨ ਲਈ ਸਦਾ ਪ੍ਰਤੀਬੱਧ ਹੈ ਅਤੇ ਸਿਹਤ ਖੇਤਰ ਵਿੱਚ ਨਵੀਆਂ ਤਕਨੀਕੀ ਉੱਨਤੀਆਂ ਨੂੰ ਅੱਗੇ ਲੈ ਜਾਣ ਲਈ ਸਦਾ ਤਿਆਰ ਹੈ।

ਇਸ ਮੌਕੇ ਵਿਦਿਆਰਥੀਆਂ ਵੱਲੋਂ ਪੋਸਟਰ ਪ੍ਰਦਰਸ਼ਨੀ, ਫੋਟੋਗ੍ਰਾਫੀ ਅਤੇ ਪ੍ਰਸ਼ਨੋਤਰੀ ਮੁਕਾਬਲੇ, ਅਤੇ ਸੱਭਿਆਚਾਰਕ ਪ੍ਰਸਤੁਤੀਆਂ ਨੇ ਸਮਾਗਮ ਨੂੰ ਹੋਰ ਵੀ ਰੰਗੀਨ ਬਣਾ ਦਿੱਤਾ। ਇਹਨਾਂ ਗਤੀਵਿਧੀਆਂ ਨੇ ਵਿਦਿਆਰਥੀਆਂ ਦੀ ਰਚਨਾਤਮਕਤਾ ਅਤੇ ਉਤਸ਼ਾਹ ਨੂੰ ਦਰਸਾਇਆ, ਜੋ ਸੀ.ਟੀ. ਯੂਨੀਵਰਸਿਟੀ ਦੇ ਸਮੁੱਚੇ ਵਿਕਾਸ ਦੇ ਸਿਧਾਂਤ ਦਾ ਪ੍ਰਤੀਕ ਹੈ ਜਿੱਥੇ ਸਿੱਖਿਆ, ਸਿਰ-ਜਣਾਤਮਕਤਾ ਅਤੇ ਸਮਵੇਦਨਾ ਇਕੱਠੇ ਚੱਲਦੇ ਹਨ।

ਸਮਾਗਮ ਦਾ ਸਮਾਪਨ ਵੈਲੇਡਿਕਟਰੀ ਸੈਸ਼ਨ ਅਤੇ ਧੰਨਵਾਦ ਪ੍ਰਗਟਾਵੇ ਨਾਲ ਹੋਇਆ, ਜਿਸ ਵਿੱਚ ਸਾਰੇ ਮਹਿਮਾਨਾਂ, ਅਧਿਆਪਕਾਂ, ਵਿਦਿਆਰਥੀਆਂ ਅਤੇ ਸਹਿਯੋਗੀਆਂ ਦਾ ਤਹਿ ਦਿਲੋਂ ਆਭਾਰ ਜਤਾਇਆ ਗਿਆ।

ਇਸ ਮੌਕੇ ਸੀ.ਟੀ. ਯੂਨੀਵਰਸਿਟੀ ਦੇ ਚਾਂਸਲਰ ਸ੍ਰ: ਚਰਨਜੀਤ ਸਿੰਘ ਚੰਨੀ ਨੇ ਕਿਹਾ ਰੇਡੀਓਗ੍ਰਾਫੀ ਵਿਗਿਆਨ, ਸਟੀਕਤਾ ਅਤੇ ਦਇਆ ਦਾ ਮਿਲਾਪ ਹੈ। ਇਸ ਵਿਸ਼ੇਸ਼ ਦਿਵਸ 'ਤੇ ਮੈਂ ਉਹਨਾਂ ਸਾਰੇ ਰੇਡੀਓਗ੍ਰਾਫਰਾਂ ਨੂੰ ਸਲਾਮ ਕਰਦਾ ਹਾਂ ਜੋ ਆਪਣੇ ਕੰਮ ਰਾਹੀਂ ਸਿਹਤ ਸੇਵਾਵਾਂ ਵਿੱਚ ਨਵੀਂ ਸਪਸ਼ਟਤਾ ਲਿਆਉਂਦੇ ਹਨ।"

# ਸ਼ਹੀਦ ਬਾਬਾ ਕਾਹ਼ਲਾ ਸਿੰਘ ਯਾਦਗਾਰੀ ਨਾਟਕ ਮੇਲਾ ਆਯੋਜਿਤ







**ਲੁਧਿਆਣਾ( ਕਰਨੈਲ ਸਿੰਘ ਐੱਮ.ਏ.)** ਆਪਣੇ ਬੱਚਿਆਂ ਤੇ ਨਵੀਂ ਪੀੜ੍ਹੀ ਨੂੰ ਸਾਡੇ ਪੁਰਖਿਆਂ ਦੀਆਂ ਕੁਰਬਾਨੀਆਂ ਬਾਰੇ ਦੱਸਣ ਦੇ ਮਨੋਰਥ ਵਜੋਂ ਤਾਜਪੁਰ ਬੇਟ ਨਜਦੀਕ ਸੈਂਟਰਲ ਜੇਲ੍ਹ ਲੁਧਿਆਣਾ (ਸਾਬਕਾ ਮੰਤਰੀ ਜਗਦੇਵ ਸਿੰਘ ਤਾਜਪੁਰੀ ਦੇ ਪਿੰਡ) ਵਿਖੇ ਨਾਟਕ ਮੇਲਾ ਅਤੇ ਸੱਭਿਆਚਾਰਕ ਸਮਾਗਮ ਆਯੋਜਿਤ ਕੀਤਾ ਗਿਆ। ਗਰਾਮ ਪੰਚਾਇਤ ਤਾਜਪੁਰ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ਼ ਕਰਵਾਏ ਇਸ ਨਾਟਕ ਮੇਲੇ ਵਿੱਚ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀਆਂ ਨੇ ਪਹੁੰਚ ਕੇ ਆਨੰਦ ਮਾਣਿਆ। ਚੰਡੀਗੜ੍ਹ ਸਕੂਲ ਆਫ ਡਰਾਮਾ ਦੇ ਫਿਲਮੀ ਕਲਾਕਾਰਾਂ ਵੱਲੋਂ ਨਿਰਦੇਸ਼ਕ ਇਕੱਤਰ ਦੀ ਨਿਰਦੇਸ਼ਨਾ ਹੇਠ "ਇਹ ਲਹੂ ਕਿਸਦਾ ਹੈ" "ਮਿੱਟੀ ਰੁਦਨ ਕਰੇ" "ਠੱਗੀ" ਅਤੇ ਕੋਰੀਓਗਰਾਫੀਆਂ ਦੀਆਂ ਸਫਲ ਪੇਸ਼ਕਾਰੀਆਂ ਕੀਤੀਆਂ ਗਈਆਂ। ਕਰਮਜੀਤ ਸਿੰਘ ਗਰੇਵਾਲ (ਨੈਸ਼ਨਲ ਅਵਾਰਡੀ) ਨੇ ਮੰਚ ਸੰਚਾਲਨ ਕੀਤਾ ਅਤੇ ਬੱਚਿਆਂ ਦੇ ਨਾਲ਼ ਮਿਲ਼ ਕੇ ਉਸਾਰੂ ਬਾਲ ਗੀਤਾਂ ਦੀਆਂ ਪੇਸ਼ਕਾਰੀਆਂ ਬਾਖੂਬੀ ਕੀਤੀਆਂ।

ਮੇਲੇ ਦੇ ਮੁੱਖ ਪ੍ਰਬੰਧਕ ਭਰਪੂਰ ਸਿੰਘ ਤਾਜਪੁਰ ਨੇ ਦੱਸਿਆ ਕਿ ਅੰਗਰੇਜ਼ੀ ਹਕੂਮਤ ਸਮੇਂ ਪੰਜਾਬੀਆਂ ਲਈ ਆਪਣੀ ਜਾਨ ਦੀ ਕੁਰਬਾਨੀ ਦੇਣ ਵਾਲ਼ੇ ਸ਼ਹੀਦ ਬਾਬਾ ਕਾਹ਼ਲਾ ਸਿੰਘ ਪਾਕਿਸਤਾਨ ਵਿੱਚ 36 ਪਿੰਡਾਂ ਦੇ ਜੈਲਦਾਰ ਸਨ। ਉਹਨਾਂ ਦੀ ਕੁਰਬਾਨੀ ਨੂੰ ਯਾਦ ਰੱਖਣ ਲਈ ਹਰ ਸਾਲ ਇਹ ਮੇਲਾ ਕਰਵਾਇਆ ਜਾਵੇਗਾ।

ਅਗਾਂਹਵਧੂ ਸਖ਼ਸ਼ੀਅਤਾਂ ਨੂੰ ਸਨਮਾਨਿਤ ਕੀਤਾ ਗਿਆ ਅਤੇ ਗੁਰੂ ਕਾ ਲੰਗਰ ਵੀ ਅਤੁੱਟ ਵਰਤਿਆ। ਸ੍ਰ: ਸਤਿੰਦਰਪਾਲ ਸਿੰਘ ਤਾਜਪੁਰ ਸਾਬਕਾ ਚੇਅਰਮੈਨ ਜੈਨਕੋ ਨੇ ਬੋਲਦਿਆਂ ਕਿਹਾ ਕਿ ਸ਼ਹੀਦ ਕਿਸੇ ਵੀ ਕੌਮ ਦਾ ਸਰਮਾਇਆ ਹੁੰਦੇ ਹਨ। ਉਹਨਾਂ ਦੇ ਦਿਨ ਮਨਾਉਣ ਵਾਲ਼ੇ ਵਧਾਈ ਦੇ ਹੱਕਦਾਰ ਹਨ। ਸਮਾਗਮ ਵਿੱਚ ਸ਼ਹੀਦ ਬਾਬਾ ਕਾਹ਼ਲਾ ਸਿੰਘ ਦੇ ਪਰਿਵਾਰ ਵਿੱਚੋਂ ਉਹਨਾਂ ਦੇ ਪੋਤੇ, ਪੜਪੋਤੇ ਅਤੇ ਹੋਰ ਰਿਸ਼ਤੇਦਾਰ ਵੀ ਸ਼ਾਮਿਲ ਹੋਏ। ਇਸ ਮੌਕੇ ਸਰਪੰਚ ਹਰਜਿੰਦਰ ਸਿੰਘ ਤਾਜਪੁਰ, ਧਰਮਿੰਦਰ ਸਿੰਘ ਤਾਜਪੁਰੀ, ਅੰਮ੍ਰਿਤਪਾਲ ਸਿੰਘ ਸਾਬਕਾ ਸਰਪੰਚ, ਮੇਜਰ ਸਿੰਘ ਸਾਬਕਾ ਸਰਪੰਚ, ਭਰਪੂਰ ਸਿੰਘ, ਕਮਲਜੀਤ ਸਿੰਘ ਤਾਜਪੁਰ, ਗੁਰਦੀਪ ਸਿੰਘ ਮੰਡਾਹਰ (ਉੱਘੇ ਪ੍ਰਕਾਸ਼ਕ) ਕਰਮਜੀਤ ਸਿੰਘ ਖਾਲਸਾ, ਮਨਿੰਦਰਜੀਤ ਸਿੰਘ, ਜਤਿੰਦਰ ਸਿੰਘ ਗਰੇਵਾਲ, ਬਾਬਾ ਚਮਕੌਰ ਸਿੰਘ, ਜਸਕਰਨ ਸਿੰਘ, ਸੁਖਬੀਰ ਸਿੰਘ ਸੁੱਖੀ, ਕੁਲਦੀਪ ਸਿੰਘ ਰਕਬਾ, ਪਰਮਜੀਤ ਸਿੰਘ ਗਰੇਵਾਲ, ਹਰਜਿੰਦਰ ਸਿੰਘ ਡਾਬੇ ਵਾਲ਼ੇ, ਦਵਿੰਦਰ ਸਿੰਘ, ਜੋਤੀ, ਮਨਦੀਪ ਸਿੰਘ ਜਵੱਦੀ ਅਤੇ ਅਮਨਦੀਪ ਸਿੰਘ ਜੌਹਲ ਆਦਿ ਵੀ ਹਾਜ਼ਰ ਸਨ।

# ਗੁਰਦੁਆਰਾ ਦਾਦੂ ਸਾਹਿਬ ਤੋਂ 350 ਸਾਲਾਂ ਸ਼ਹੀਦੀ ਨਗਰ ਕੀਰਤਨ ਦੀ ਹੋਈ ਆਰੰਭਤਾ, ਸੰਗਤਾਂ ਨੇ ਥਾਂ-ਥਾਂ ਕੀਤਾ ਭਰਵਾਂ ਸਵਾਗਤ - ਜਥੇਦਾਰ ਦਾਦੂਵਾਲ





**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹਰਿਆਣਾ ਸਰਕਾਰ ਵੱਲੋਂ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਧੰਨ ਧੰਨ ਸ਼੍ਰੀ ਗੁਰੂ ਤੇਗ ਬਹਾਦੁਰ ਮਹਾਰਾਜ ਜੀ, ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਜੀ ਦੀ ਸ਼ਹਾਦਤ ਨੂੰ ਸਮਰਪਿਤ ਹਰਿਆਣਾ ਪ੍ਰਦੇਸ਼ ਵਿੱਚ ਕੀਤੀ ਜਾ ਰਹੀ ਮਹਾਨ ਸ਼ਹੀਦੀ ਯਾਤਰਾ ਨਗਰ-ਕੀਰਤਨ ਅੱਜ ਦੂਜੇ ਦਿਨ ਗੁਰਦੁਆਰਾ ਗੁਰੂ ਗ੍ਰੰਥਸਰ ਦਾਦੂ ਸਾਹਿਬ ਸਿਰਸਾ ਤੋਂ ਸਤਿਕਾਰ ਸਹਿਤ ਆਰੰਭ ਹੋਈ । ਜਿਸ ਦਾ ਥਾਂ-ਥਾਂ ਤੇ ਸੰਗਤਾਂ ਵੱਲੋਂ ਸਵਾਗਤੀ ਗੇਟ ਅਤੇ ਲੰਗਰ ਲਗਾ ਕੇ ਭਰਵਾਂ ਸਵਾਗਤ ਕੀਤਾ ਗਿਆ । ਮੀਡੀਆ ਨਾਲ ਗੱਲਬਾਤ ਕਰਦਿਆਂ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦੱਸਿਆ ਕਿ ਪੂਰੇ ਹਰਿਆਣਾ ਪ੍ਰਦੇਸ਼ ਵਿੱਚ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹਰਿਆਣਾ ਸਰਕਾਰ ਵੱਲੋਂ 4 ਸ਼ਹੀਦੀ ਯਾਤਰਾਵਾਂ ਕੀਤੀਆਂ ਜਾ ਰਹੀਆਂ ਹਨ ਜੋ ਨੌਂਵੇਂ ਪਾਤਸ਼ਾਹ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਹਨ। ਜਥੇਦਾਰ ਦਾਦੂਵਾਲ ਜੀ ਨੇ ਦੱਸਿਆ ਕਿ ਪਹਿਲਾ ਨਗਰ- ਕੀਰਤਨ 8 ਨਵੰਬਰ ਨੂੰ ਰੋੜੀ ਪਿੰਡ ਤੋਂ ਆਰੰਭ ਹੋ ਕੇ ਵੱਖ-ਵੱਖ ਨਗਰਾਂ ਵਿੱਚ ਹੁੰਦਾ ਹੋਇਆ ਗੁਰਦੁਆਰਾ ਗੁਰੂ ਗ੍ਰੰਥਸਰ ਦਾਦੂ ਸਾਹਿਬ ਵਿਖੇ ਪੁੱਜਾ ਸੀ ਜਿੱਥੇ ਰਾਤਰੀ ਦਾ ਵਿਸ਼ਰਾਮ ਕੀਤਾ ਗਿਆ ਅਤੇ 9 ਨਵੰਬਰ ਨੂੰ ਦੂਜੇ ਦਿਨ ਗੁਰਦੁਆਰਾ ਦਾਦੂ ਸਾਹਿਬ ਤੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਅਤੇ ਪੰਜ ਪਿਆਰੇ ਸਾਹਿਬਾਨਾਂ ਦੀ ਅਗਵਾਈ ਵਿੱਚ ਨਗਰ-ਕੀਰਤਨ ਆਰੰਭ ਹੋਇਆ। ਆਰੰਭਤਾ ਸਮੇਂ ਨਗਰ ਦਾਦੂ ਸਾਹਿਬ ਅਤੇ ਇਲਾਕਾ ਨਿਵਾਸੀ ਸਿੱਖ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ । ਜਿਨ੍ਹਾਂ ਵਿੱਚ ਬਾਬਾ ਪ੍ਰਦੀਪ ਸਿੰਘ ਚਾਂਦਪੁਰਾ, ਰਜਿੰਦਰ ਸਿੰਘ ਦੇਸੂਯੋਧਾ, ਸਰਪੰਚ ਗੁਰਮੀਤ ਸਿੰਘ ਚਕੇਰੀਆਂ, ਸਰਪੰਚ ਮੋਹਣਪ੍ਰੀਤ ਸਿੰਘ ਸਿੰਘਪੁਰਾ, ਟੀਸੂ ਪ੍ਰਧਾਨ ਕਾਲਾਂਵਾਲੀ, ਸਾਬਕਾ ਸਰਪੰਚ ਦਰਸ਼ਨ ਸਿੰਘ ਤਾਰੂਆਣਾ, ਦਲਬੀਰ ਸਿੰਘ ਤਾਰੂਆਣਾ, ਜਗਤਾਰ ਸਿੰਘ ਮੈਡੀਕਲ ਤਾਰੂਆਣਾ, ਬੰਤਾ ਸਿੰਘ ਬੜਿੰਗ ਜਲਾਲਆਣਾ, ਮੰਦਰ ਸਿੰਘ ਦੇਸੂ ਮਲਕਾਣਾ, ਕਾਕਾ ਸਿੰਘ ਦੇਸੂ ਮਲਕਾਣਾ, ਰਾਮ ਸਿੰਘ ਕਾਲਾਂਵਾਲੀ, ਮਹਿੰਦਰ ਸਿੰਘ ਚਹਿਲ ਕਾਲਾਂਵਾਲੀ, ਡਾਕਟਰ ਹਰਬੰਸ ਸਿੰਘ ਕੇਵਲ, ਦਰਸ਼ਨ ਸਿੰਘ ਤਖਤਮੱਲ, ਗੁਰਬਖਸ਼ ਸਿੰਘ ਤਖਤਮੱਲ, ਮੱਖਣ ਸਿੰਘ ਤਿਲੋਕੇਵਾਲਾ, ਮਿਸਤਰੀ ਗੁਲਾਬ ਸਿੰਘ ਤਿਲੋਕੇਵਾਲਾ, ਕੁਲਦੀਪ ਸਿੰਘ ਤਿਲੋਕੇਵਾਲਾ, ਜਸਵਿੰਦਰ ਸਿੰਘ ਗੋਸ਼ਾ ਦਾਦੂ ਸਾਹਿਬ, ਸਾਬਕਾ ਸਰਪੰਚ ਦਰਸ਼ਨ ਸਿੰਘ ਦਾਦੂ ਸਾਹਿਬ ਸਮੇਤ ਵੱਡੀ ਗਿਣਤੀ 'ਚ ਸਿੱਖ ਸੰਗਤਾਂ ਹਾਜ਼ਰ ਸਨ । ਇਸ ਨਗਰ- ਕੀਰਤਨ ਦਾ ਪਿੰਡ ਦਾਦੂ ਸਾਹਿਬ, ਧਰਮਪੁਰਾ, ਕੇਵਲ, ਤਖਤਮੱਲ, ਤਿਲੋਕੇਵਾਲਾ, ਤਾਰੂਆਣਾ, ਕਾਲਾਂਵਾਲੀ ਮੰਡੀ ਅਤੇ ਪਿੰਡ ਵਿੱਚ ਭਰਵਾਂ ਸਵਾਗਤ ਕੀਤਾ ਗਿਆ ।

# ਪੰਜਾਬੀ ਵਿਰਸਾ ਸੰਭਾਲ ਸੰਸਥਾ ਅਤੇ ਯੂਨਾਈਟਡ ਸਿੱਖ ਦੇ ਸਹਿਯੋਗ ਨਾਲ ਹੜ੍ਹ ਪੀੜਿਤਾਂ ਨੂੰ ਰਾਹਤ ਸਮੱਗਰੀ ਵੰਡੀ

**ਲੁਧਿਆਣਾ ( ਕਰਨੈਲ ਸਿੰਘ ਐੱਮ.ਏ.)** ਯੂਨਾਈਟਡ ਸਿੱਖਸ ਦੇ ਸਹਿਯੋਗ ਸਦਕਾ ਪੰਜਾਬੀ ਵਿਰਸਾ ਸੰਭਾਲ ਸੰਸਥਾ (ਰਜਿ:) ਪਿੰਡ ਸਹੌਲੀ, ਜ਼ਿਲ੍ਹਾ ਲੁਧਿਆਣਾ ਹੜ੍ਹ ਪੀੜਤ ਪਰਿਵਾਰਾਂ ਦੇ ਬੱਚਿਆਂ ਲਈ ਪੜ੍ਹਨ ਸਮੱਗਰੀ ਸਕੂਲ ਬੈਗ, ਸਟੇਸ਼ਨਰੀ ਜਿਵੇਂ ਕਿ ਕਾਪੀਆਂ, ਜੁਮੈਟਰੀ ਬਕਸ, ਪੈੱਨ, ਪੈੱਨਸਿਲਾਂ, ਰਬੜਾਂ, ਸਾਰਪਨਰ, ਕਲੀਅਰ ਬੈਗ ਆਦਿ ਲਿਜਾਣ ਸਮੇਂ ਏਅਰਮੈਨ ਸੁਰਿੰਦਰ ਸਿੰਘ ਲਿੱਟ, ਸ੍ਰ:ਪ੍ਰੀਤਮ ਸਿੰਘ ਗਰੇਵਾਲ



(ਰਿਟਾ: ਪੁਲਿਸ ਇੰਸਪੈਕਟਰ), ਮਾਸਟਰ ਬਲਵਿੰਦਰ ਸਿੰਘ, ਪ੍ਰਧਾਨ ਰਸ਼ਪਾਲ ਸਿੰਘ ਮਨਸੂਰਾਂਵਾਲੇ, ਸ੍ਰ: ਮਨਦੀਪ ਸਿੰਘ (ਦੀਪਾ), ਸ੍ਰ:ਗੁਰਵੀਰ ਸਿੰਘ ਮਨਸੂਰਾਂਵਾਲੇ, ਸ੍ਰ: ਹਰਦਿਆਲ ਸਿੰਘ (ਰਿਟਾ:ਮੁੱਖ ਅਧਿਆਪਕ) ਹਾਂਜੀ ਵਿਸ਼ੇਸ਼ ਰੂਪ ਚ ਹਾਜ਼ਰ ਸਨ।

# ਜਦੋਂ ਤੈਨੂੰ ਹਾਂ ਕਰੀ ਸੀ



ਓਦੋਂ ਹਰ ਇੱਕ ਗੱਭਰੂ ,
ਸਾਡਾ ਪਾਣੀ ਭਰਦਾ ਸੀ ।
ਏਹ ਦਿਲ ਥੋੜ੍ਹੀ ਕੀਤਿਆਂ,
ਕਦੋਂ ਕਿਸੇ 'ਤੇ ਮਰਦਾ ਸੀ ।
ਤੂੰ ਵੀ ਮੁੜ ਮੁੜ ਕੇ ਆਣ,
ਪੈਂਦਾਂ 'ਤੇ ਬਹਿੰਦਾ ਸੈਂ ;
ਸਾਡਾ ਤਨ ਮਨ ਮੰਜੇ ਵਾਲ਼ੀ,
ਦੌਣ ਟੁੱਟਣ ਤੋਂ ਡਰਦਾ ਸੀ।

**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ ।**
9914836037

# ਵੋਟਰ ਨੂੰ

ਆਪਣੀ ਕੀਮਤ ਜਾਣ ਵੋਟਰਾ
ਆਪਣੀ ਕੀਮਤ ਜਾਣ।
ਸੋਚ ਜ਼ਰਾ ਕਿਉਂ ਨੇਤਾ ਮੁੜ ਮੁੜ
ਤੇਰੇ ਘਰ ਦੇ ਗੇੜੇ ਲਾਣ।
ਸੋਚ ਜ਼ਰਾ ਕਿਉਂ ਦਫਤਰਾਂ ਵਿੱਚ
ਫੈਲਿਆ ਹੋਇਆ ਭ੍ਰਿਸ਼ਟਾਚਾਰ।
ਚਾਰ ਦਿਨ ਪਹਿਲਾਂ ਦਿੱਤੀ ਫਾਈਲ
ਕਿਉਂ ਉੱਥੋਂ ਜਾਏ ਗੁਆਚ।
'ਪਾਣੀ ਜੀਵਨ ਦਾ ਆਧਾਰ ਹੈ'
ਕਹਿੰਦੇ ਲੋਕ ਸਿਆਣੇ।
ਫਿਰ ਪਾਣੀ ਦੀ ਇੱਕ ਇੱਕ ਬੂੰਦ ਲਈ
ਕਿਉਂ ਤਰਸਣ ਗਰੀਬਾਂ ਦੇ ਨਿਆਣੇ।
ਸੋਚ ਜ਼ਰਾ ਕਿਸਾਨਾਂ ਦੀ ਫਸਲ
ਕਿਉਂ ਮੰਡੀ ਵਿੱਚ ਹੈ ਰੁਲਦੀ।
ਕੌਡੀਆਂ ਦੇ ਭਾਅ ਖਰੀਦਣ ਕਿਉਂ ਆੜ੍ਹਤੀ
ਫਸਲ ਮਹਿੰਗੇ ਮੁੱਲ ਦੀ।
ਸੋਚ ਜ਼ਰਾ ਜ਼ਰੂਰੀ ਵਸਤਾਂ ਦੇ ਭਾਅ
ਕਿਉਂ ਅਸਮਾਨੀ ਜਾ ਚੜ੍ਹੇ।
ਦੁਕਾਨਦਾਰਾਂ ਤੋਂ ਉਨ੍ਹਾਂ ਦੇ ਭਾਅ ਸੁਣ ਕੇ
ਗਾਹਕ ਰਹਿ ਜਾਣ ਖੜ੍ਹੇ ਦੇ ਖੜ੍ਹੇ।
ਸੋਚ ਜ਼ਰਾ ਕਿਉਂ ਡਿਗਰੀਆਂ ਲੈ ਕੇ
ਵਿਹਲੇ ਫਿਰਦੇ ਨੌਜਵਾਨ।
ਨੌਕਰੀਆਂ ਨਾ ਮਿਲਣ ਦੇ ਗ਼ਮ 'ਚ
ਉਹ ਨਸ਼ੇ ਲੱਗ ਪਏ ਖਾਣ।
ਹੁਣ ਚੋਣ ਮੈਦਾਨ ਹੈ ਭੱਖਿਆ
ਤੇਰਾ ਵਧ ਗਿਆ ਹੈ ਮੁੱਲ।
ਸੌ,ਦੋ ਸੌ ਦੇ ਲਾਲਚ ਵਿੱਚ
ਨੇਤਾਵਾਂ ਦੇ ਕਾਰੇ ਜਾਈਂ ਨਾ ਭੁੱਲ।
ਜੋ ਤੇਰੀਆਂ ਸਮੱਸਿਆਵਾਂ ਨੂੰ
ਹੱਲ ਕਰਨ ਦੀ ਸਹੁੰ ਖਾਂਦੇ ਨੇ ਹੁਣ।
ਆਪਣੇ ਹੱਕ ਦੀ ਵਰਤੋਂ ਕਰਕੇ
ਤੂੰ ਉਨ੍ਹਾਂ ਨੂੰ ਲਈਂ ਚੁਣ।



**ਮਹਿੰਦਰ ਸਿੰਘ ਮਾਨ**
**ਸਲੋਹ ਰੋਡ**
**ਨੇੜੇ ਐੱਮ ਐੱਲ ਏ ਰਿਹਾਇਸ਼**
**ਨਵਾਂ ਸ਼ਹਿਰ-9915803554**

# ਗੀਤ

ਤੂੰ ਅੱਲ੍ਹੜ ਚਾਵਾਂ ਵਰਗੀ ਏਂ
ਮਹਿਕਿਆਂ ਸਾਹਵਾਂ ਵਰਗੀ ਏਂ
ਤੈਨੂੰ ਵੱਖ ਕਰਦਿਆਂ ਕਿੱਦਾਂ
ਤੂੰ ਮੇਰੀਆਂ ਬਾਹਵਾਂ ਵਰਗੀ ਏਂ
ਧੜਕਣ ਜਾਨ ਹੈਂ ਮੇਰੀ, ਦਿਲੋਂ ਕੱਢ ਨਹੀਂ ਸਕਦਾ
ਤੂੰ ਦੁਰਕਾਰ ਨਾ ਮੈਨੂੰ, ਮੈਂ ਤੈਨੂੰ ਛੱਡ ਨਹੀਂ ਸਕਦਾ

ਕੀ ਲਿਖਾਂ ਮੈਂ ਤੇਰੇ ਲਈ, ਸੁਝਦੇ ਅਲਫ਼ਾਜ਼ ਨਾ ਮੈਨੂੰ
ਜੋ ਸੁਰ,ਤਾਲ ਦੇ ਦੇਵਣ, ਓਹ ਮਿਲਦੇ ਸਾਜ਼ ਨਹੀਂ ਮੈਨੂੰ
ਹਵਾਵਾਂ ਜਿਹੀ ਤੋਰ ਹੈ ਤੇਰੀ
ਮਸਤ ਜਿਹੀ ਲੋਰ ਹੈ ਤੇਰੀ
ਮਰਕੇ ਵੀ ਕਦੇ ਤੈਥੋਂ, ਹੋ ਅੱਡ ਨਹੀਂ ਸਕਦਾ
ਤੂੰ ਦੁਰਕਾਰ ਨਾ ਮੈਨੂੰ, ਮੈਂ ਤੈਨੂੰ ਛੱਡ ਨਹੀਂ ਸਕਦਾ

ਤੜਫ਼ ਇਸ਼ਕ ਵਿਚ ਤੇਰੇ, ਸਕੂਨ ਜਿਹਾ ਇੱਕ ਮਿਲਦਾ
ਆਖਰੀ ਸਾਹਾਂ ਤੇ ਜਿਉਂ, ਬਾਹਰੋਂ ਖੂਨ ਤਿੱਪ ਮਿਲਦਾ
ਕਿਉਂ ਹੈ ਇੰਝ ਬੇਰੁਖ਼ੀ ਤੇਰੀ
ਨਜ਼ਰ ਝੁਕੀ -ਝੁਕੀ ਤੇਰੀ
ਤੂੰ ਮਹੁੱਬਤ ਹੈਂ ਰੂਹ ਦੀ, ਕਿਤੇ ਵੀ ਛੱਟ ਨਹੀਂ ਸਕਦਾ
ਤੂੰ ਫਿਟਕਾਰ ਨਾ ਅੜੀਏ, ਮੈਂ ਤੈਨੂੰ ਛੱਡ ਨਹੀਂ ਸਕਦਾ

ਕਿਉਂ ਮੈਖ਼ਾਨੇ ਨਸ਼ੀਲੇ ਵੀ, ਦਿਲੋਂ ਦਾਅਵਤ ਨਹੀਂ ਦਿੰਦੇ
ਕਿਵੇਂ ਪ੍ਰਵਾਨ ਹੋ ਜਾਵਾਂ, ਪੈਮਾਨੇ ਸਾਬਿਤ ਨਹੀਂ ਦਿੰਦੇ
ਬੇਤੁਕੀ ਜਿਹੀ ਜਿੰਦਗ਼ੀ ਜਾਪੇ
ਉਦਾਸੀ ਕੌਣ ਕਿਵੇਂ ਨਾਪੇ
ਕਿਸੇ ਹਾਲ "ਰੇਤਗੜ੍ਹ ਬਾਲੀ" , ਮੂੰਹ ਟੱਡ ਨਹੀਂ ਸਕਦਾ
ਤੂੰ ਫਿਟਕਾਰ ਨਾ ਝੱਲੀਏ, ਮੈਂ ਤੈਨੂੰ ਛੱਡ ਨਹੀਂ ਸਕਦਾ



**ਬਲਜਿੰਦਰ ਸਿੰਘ "ਬਾਲੀ ਰੇਤਗੜ੍ਹ "**
**9465129168**

# ਰਿਸ਼ਤੇ

ਖਾਮੋਸ਼ ਕਿਉਂ ਹੋਏ ਨੇ ਉਹ ਸਭ ਰਿਸ਼ਤੇ
ਜਿਨ੍ਹਾਂ ਰਿਸ਼ਤਿਆਂ ਵਿੱਚ ਸਦਾ ਬਹਾਰ ਹੁੰਦੀ ਸੀ
ਭਾਵੇਂ ਜਾ ਸੱਤ ਸਮੁੰਦਰਾਂ ਤੋਂ ਪਾਰ ਵੱਸਦੇ
ਰਿਸ਼ਤਿਆਂ ਵਿੱਚ ਮੁਹੱਬਤ ਬੇਸ਼ੁਮਾਰ ਹੁੰਦੀ ਸੀ
ਉਨ੍ਹਾਂ ਰਿਸ਼ਤਿਆਂ ਦੇ ਚਮਨ ਵੈਰਾਨ ਹੋ ਗਏ
ਜਿਨ੍ਹਾਂ ਰਿਸ਼ਤਿਆਂ ਵਿੱਚ ਮਮਤਾ ਮਹਿਕਦੀ ਰਹੀ
ਗਿਰਗਿਟ ਵਾਂਗਰਾਂ ਰਿਸ਼ਤਿਆਂ ਨੇ ਰੰਗ ਬਦਲੇ
ਜਿਨ੍ਹਾਂ ਰਿਸ਼ਤਿਆਂ ਚੋ ਮੁਹੱਬਤ ਚਹਿਕਦੀ ਰਹੀ
ਉਹ ਰਿਸ਼ਤੇ ਨਫ਼ਰਤਾਂ ਦੀ ਭੇਟ ਚੜ੍ਹ ਗਏ
ਜਿਨ੍ਹਾਂ ਰਿਸ਼ਤਿਆਂ ਦੀ ਸੰਘਣੀ ਛਾਂ ਹੁੰਦੀ ਸੀ
ਕੁੱਝ ਰਿਸ਼ਤੇ ਤਰੱਕੀ ਦੀ ਭੇਂਟ ਚੜ੍ਹ ਗਏ
ਜਿਨ੍ਹਾਂ ਰਿਸ਼ਤਿਆਂ ਦੀ ਵੱਖਰੀ ਥਾਂ ਹੁੰਦੀ ਸੀ
ਰੰਗ ਫਿੱਕੇ ਪੈ ਗਏ ਨੇ , ਸ਼ਭ ਰਿਸ਼ਤਿਆਂ ਦੇ
ਜਿਨ੍ਹਾਂ ਰਿਸ਼ਤਿਆਂ ਦੇ ਗੂੜ੍ਹੇ ਨਿਸ਼ਾਨ ਹੁੰਦੇ ਸੀ
ਭੁਲੱਥ ਡਾਲਰਾਂ ਸਾਹਮਣੇ ਗੋਡੇ ਟੇਕ ਦਿੱਤੇ
ਰਿਸ਼ਤੇ ਜੱਗ ਦੇ ਉਹ ਬੜੇ ਮਹਾਨ ਹੁੰਦੇ ਸੀ
ਰਿਸ਼ਤੇ ਜੱਗ



**ਸ ਕਸ਼ਮੀਰ ਸਿੰਘ ਭੁਲੱਥ**
8146091954



# ਮਲਟੀਪਰਪਜ ਹੈਲਥ ਇੰਪਲਾਈਜ਼ ਯੂਨੀਅਨ ਵੱਲੋਂ ਪੰਜਾਬ ਯੂਨੀਵਰਸਿਟੀ ਬਚਾਓ ਸੰਘਰਸ਼ ਦੀ ਹਿਮਾਇਤ

**ਮਾਨਸਾ. (ਚਾਨਣਦੀਪ ਸਿੰਘ ਔਲਖ )** ਮਲਟੀਪਰਪਜ ਹੈਲਥ ਇੰਪਲਾਈਜ਼ ਯੂਨੀਅਨ ਪੰਜਾਬ ਦੇ ਵੱਲੋਂ ਪੰਜਾਬ ਯੂਨੀਵਰਸਿਟੀ ਨੂੰ ਬਚਾਉਣ ਦੇ ਲਈ ਵਿਦਿਆਰਥੀ ਜਥੇਬੰਦੀਆਂ ਦੇ ਵੱਲੋਂ ਸ਼ੁਰੂ ਕੀਤੇ ਗਏ ਸੰਘਰਸ਼ ਦੀ ਹਿਮਾਇਤ ਦਾ ਐਲਾਨ ਕੀਤਾ ਗਿਆ ਹੈ, ਜਥੇਬੰਦੀ ਦੇ ਸੂਬਾ ਪ੍ਰਧਾਨ ਕੁਲਬੀਰ ਸਿੰਘ ਮੋਗਾ ਅਤੇ ਸੂਬਾ ਜਰਨਲ ਸਕੱਤਰ ਜਸਵਿੰਦਰ ਸਿੰਘ ਅੰਮ੍ਰਿਤਸਰ ਨੇ ਕਿਹਾ ਕਿ ਜਥੇਬੰਦੀ ਵੱਲੋਂ ਪੰਜਾਬ ਯੂਨੀਵਰਸਿਟੀ ਨੂੰ ਕੇਂਦਰ ਦੇ ਹੱਥਾਂ ਵਿੱਚ ਜਾਣ ਤੋਂ ਰੋਕਣ ਲਈ ਕੀਤੇ ਰਹੇ ਸੰਘਰਸ਼ ਦੀ ਜਥੇਬੰਦੀ ਭਰਾਤਰੀ ਤੌਰ ਤੇ ਪੂਰਨ ਹਮਾਇਤ ਕਰਦੀ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਚੰਡੀਗੜ੍ਹ ਵਿਖ਼ੇ ਰੋਸ ਧਰਨੇ ਵਿੱਚ ਵੀ ਸਮਹੂਲੀਅਤ ਕੀਤੀ ਜਾਵੇਗੀ ਉਹਨਾਂ ਕਿਹਾ ਕਿ ਪੰਜਾਬ ਯੂਨੀਵਰਸਿਟੀ ਨੂੰ ਕੇਂਦਰ ਸਰਕਾਰ ਵੱਲੋਂ ਹਥਿਆਉਣਾ ਬਹੁਤ ਹੀ ਮੰਦਭਾਗਾ ਹੈ ਅਤੇ ਪੰਜਾਬ ਯੂਨੀਵਰਸਿਟੀ ਪੰਜਾਬ ਦਾ ਹੱਕ ਹੈ ਇਸ ਲਈ ਯੂਨੀਵਰਸਿਟੀ ਨੂੰ ਕਿਸੇ ਵੀ ਹਾਲਾਤ ਵਿੱਚ ਕੇਂਦਰ ਦੇ ਹੱਥਾਂ ਵਿੱਚ ਨਹੀਂ ਜਾਣ ਦੇਣਾ ਚਾਹੀਦਾ, ਉਹਨਾਂ ਕਿਹਾ ਕਿ ਪੰਜਾਬ ਦੇ ਹੱਕਾਂ ਦੇ ਡਾਕੇ ਕਿਸੇ ਹੀ ਕੀਮਤ ਤੇ ਬਰਦਾਸ਼ਤ ਨਹੀਂ ਕੀਤੇ ਜਾਣਗੇ ਅਤੇ ਇਸ ਮਾਮਲੇ ਵਿੱਚ ਤਿੱਖਾ ਸੰਘਰਸ਼ ਕੀਤਾ ਜਾਵੇਗਾ, ਆਗੂਆਂ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਨੂੰ ਪੰਜਾਬ ਯੂਨੀਵਰਸਿਟੀ ਦੇ ਮਾਮਲੇ ਵਿੱਚ ਪੰਜਾਬ ਦੇ ਹੀ ਅਧਿਕਾਰ ਵਾਲਾ ਪੂਰਨ ਰੂਪ ਵਿੱਚ ਨੋਟੀਫਿਕੇਸ਼ਨ ਜਾਰੀ ਕਰਨਾ ਚਾਹੀਦਾ ਹੈ ਅਤੇ ਸੈਨਿਟ ਨੂੰ ਘੱਟ ਕਰਨ ਜਾਂ ਤੋੜਨ ਵਰਗੀਆਂ ਗੱਲਾਂ ਤੋਂ ਹਟਕੇ ਪੰਜਾਬ ਯੂਨੀਵਰਸਿਟੀ ਦੀ ਤਰੱਕੀ ਤੇ ਖੁਸ਼ਹਾਲੀ ਲਈ ਕੇਂਦਰ ਸਰਕਾਰ ਵੱਜੋ ਸਹਿਯੋਗ ਕਰਨਾ ਚਾਹੀਦਾ ਹੈ ।

# ਜੰਗਲ ਵਿਚ ਨਜਾਇਜ਼ ਕਟਾਈ ਅਤੇ ਕਰਾਹੀ ਕਰਨ ਵਾਲੇ ਰੈਲਮਾਜਰਾ ਦੇ ਲੋਕਾਂ ਨੇ ਕੀਤੇ ਪੁਲਿਸ ਦੇ ਹਵਾਲੇ

## ਪਿੰਡ ਵਾਸੀਆਂ ਨੇ ਸਰਕਾਰ ਦੇ ਖਿਲਾਫ ਜੰਮ ਕੇ ਕੀਤੀ ਨਾਹਰੇ ਬਾਜ਼ੀ

**ਨਵਾਸ਼ਹਿਰ /ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ )** ਪਿਛਲੇ ਕੁਝ ਦਿਨਾਂ ਤੋਂ ਲੁਕਛਿੱਪ ਕੇ ਰੈਲਮਾਜਰਾ ਦੇ ਜੰਗਲ ਵਿਚ ਨਜਾਇਜ਼ ਤੋਰ ਤੇ ਮਾਇਨਿੰਗ ਜਾ ਜੰਗਲ ਦੀ ਹੋਂਦ ਖਤਮ ਲਈ ਸਾਜਿਸ਼ ਤਹਿਤ ਕਿਸੇ ਵੱਡੇ ਕੰਪਨੀ ਦੇ ਕਰਿਦਿਆ ਵਲੋਂ ਅੱਜ ਵੀ ਜੰਗਲ ਦੀ ਕਟ ਕਟਾਈ ਅਤੇ ਕਰਾਹੀ ਕਰ ਰਹੀਆਂ ਪੌਕਲੈਨ ਮਸ਼ੀਨਾਂ ਰਾਹੀ ਕੀਤੀ ਜਾਂਦੀ ਸੀ। ਪਿੰਡ ਰੈਲਮਾਜਰਾ ਦੇ ਨਿਵਾਸੀਆਂ ਨੂੰ ਜਦੋਂ ਇਸ ਗੱਲ ਦੀ ਭਿਨਕ ਪਈ ਤਾਂ ਦੋਹਾਂ ਪਿੰਡਾਂ ਦੇ ਸਰਪੰਚ ਅਤੇ ਮੋਹਤਬਰ ਵੱਡੀ ਗਿਣਤੀ ਵਿਚ ਜੰਗਲ ਵਿਚ ਨਜਾਇਜ਼ ਕਰਾਹੀ ਕਰਦੇ ਸਾਧਨਾ ਦੇ ਡਰਾਈਵਰਾਂ ਨੂੰ ਰੋਕਣ ਲਈ ਜੰਗਲ ਵਿਚ ਚਲੇ ਅਤੇ ਡਰਾਈਵਰ ਪਿੰਡ ਨਿਵਾਸੀਆਂ ਨੂੰ ਦੇਖਕੇ ਆਪਣੇ ਸਾਧਨ ਛੱਡ ਕੇ ਮੌਕੇ ਤੋਂ ਫਰਾਰ ਹੋ ਗਏ। ਇਸ ਬਾਰੇ ਪੱਤਰਕਾਰ ਨੂੰ ਜਾਣਕਾਰੀ ਦਿੰਦੇ ਹੋਏ ਸਰਪੰਚ ਸਿੰਕਦਰ ਸਿੰਘ ਰੈਲਮਾਜਰਾ ਨੇ ਦੱਸਿਆ ਭਾਵੇਂ ਕੇ ਲੋਕਾਂ ਵਲੋਂ ਇਸ ਦੀ ਅਵਾਜ਼ ਪ੍ਰਸ਼ਾਸਨ ਤੱਕ ਪਹੁੰਚਾਈ ਗਈ ਪਰ ਇਸ ਦੇ ਬਾਵਜੂਦ ਅੱਜ ਪੌਕਲੈਨ ਮਸ਼ੀਨਾਂ , ਟਿੱਪਰ ਆਦਿ ਨਾਲ ਜੰਗਲ ਦੀ ਬਰਬਾਦੀ ਨਾਲ ਕੀਤੀ ਜਾ ਰਹੀ ਸੀ। ਜਿਸ ਨੂੰ ਮੌਕੇ ਤੇ ਪਹੁੰਚ ਕੇ ਅਸੀ ਰੋਕਿਆ ਅਤੇ ਪੁਲਿਸ ਪ੍ਰਸ਼ਾਸਨ ਅਤੇ ਜੰਗਲਾਤ ਵਿਭਾਗ ਨੂੰ ਫੋਨ ਕੀਤੇ। ਇਸ ਸਬੰਧੀ ਕਾਂਗਰਸੀ ਬੁਲਾਰੇ ਪ੍ਰਧਾਨ ਸੁਰਿੰਦਰ ਸ਼ਿੰਦਾ ਰੈਲਮਾਜਰਾ ਕਿਹਾ ਅੱਜ ਅਸੀ ਪਿੰਡ ਵਾਸੀਆਂ ਨੇ ਜੰਗਲਾਤ ਵਿਭਾਗ ਦੇ ਸਾਰੇ






**ਪਿੰਡ ਰੈਲਮਾਜਰਾ ਦੇ ਜੰਗਲ ਵਿਚ ਕਰਾਹੀ ਕਰਦੀ ਪੌਕਲੈਨ ਮਸ਼ੀਨ ਅਤੇ ਨਾਹਰੇ ਬਾਜ਼ੀ ਕਰਦੇ ਅਤੇ ਪਿੰਡਾਂ ਲੋਕ ਅਤੇ ਮੋਹਤਬਰ।**

ਉੱਚ ਅਧਿਕਾਰੀਆਂ ਨੂੰ ਫੋਨ ਕੀਤੇ ਪਰ ਕਿਸੇ ਨੇ ਵੀ ਸਾਡੀ ਕੋਈ ਵੀ ਸੁਣਵਾਈ ਨਹੀਂ ਜਿਸ ਤੋਂ ਸਾਬਿਤ ਹੁੰਦਾ ਹੈ ਕਿ ਇਹ ਸਭ ਕੁਝ ਜੰਗਲਾਤ ਵਿਭਾਗ ਦੀ ਮਿਲੀ ਭੁਗਤ ਨਾਲ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਜਿੱਥੇ ਸਰਕਾਰਾਂ ਪੌਦੇ ਲਗਾਉਂਦੀਆਂ ਹਨ ਉੱਥੇ ਪਿੰਡ ਰੈਲਮਾਜਰਾ ਦਾ ਹਰੀਆ ਭਰੀਆਂ ਦਰੱਖਤਾਂ ਵਾਲਾ ਜੰਗਲ ਬਰਬਾਦ ਕੀਤਾ ਜਾ ਰਿਹਾ ਹੈ। ਇਸ ਮੌਕੇ ਪਿੰਡ ਰੈਲ ਦੀ ਸਰਪੰਚ ਸ੍ਰੀਮਤੀ ਅਨੀਤਾ ਦੇਵੀ ਸਤਪਾਲ, ਸੇਠੀ ਸਾਬਕਾ ਸਰਪੰਚ, ਦਰਸ਼ਨ ਲਾਲ, ਓਮਪ੍ਰਕਾਸ਼, ਸ਼ੁਭਾਸ਼ ਭਾਟੀਆ ਰਾਣਾ ਪੰਚਾਇਤ ਮੈਂਬਰ, ਦਰਸ਼ਨ ਕਾਲਾ, ਰਾਮਪਾਲ, ਨਾਥ ਰਾਮ, ਬੱਚਨ ਸਿੰਘ ਆਦਿ ਕਿਹਾ ਕਿ ਅੱਜ ਅਸੀਂ ਪੁਲਿਸ ਨੂੰ ਮੌਕੇ ਤੇ ਬੁਲਾ ਕੇ ਸਮੇਤ ਸਾਧਨਾ ਡਰਾਈਵਰ, ਪੁਲਿਸ ਚੌਕੀ ਆਸਰੋਂ ਦੇ ਹਵਾਲੇ ਕਰ ਦਿੱਤੇ ਆਸਰੋਂ ਪੂਲਿਸ ਵਲੋਂ ਪਿੰਡਾਂ ਦੇ ਲੋਕਾਂ ਦੇ ਬਿਆਨ ਲੈ ਕੇ ਅਗਰੇਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।ਜਦੋਂ ਜੰਗਲ ਦੀ ਹੋ ਰਹੀ ਬਰਬਾਦੀ ਬਾਰੇ ਡੀ ਐੱਫ ਓ ਹਰਭਜਨ ਸਿੰਘ ਬਣਰੇਂਜ ਗੜਸ਼ੰਕਰ ਨਾਲ ਗੱਲਬਾਤ ਕੀਤੀ ਤਾ ਉਨਾਂ ਨੇ ਕਿਹਾ ਉਨ੍ਹਾਂ ਦੇ ਧਿਆਨ ਵਿਚ ਅਜਿਹਾ ਕੋਈ ਵੀ ਮਸਲਾ ਧਿਆਨ ਵਿਚ ਨਹੀ ਹੈ।ਉਨ੍ਹਾਂ ਕਿਹਾ ਅੱਜ ਮੌਕੇ ਤੇ ਵਿਭਾਗੀ ਅਧਿਕਾਰੀ ਭੇਜੇ ਹਨ ਜੋ ਕਿ ਬਣਦੀ ਕਾਰਵਾਈ ਕਰਨ ਗੇ ਉਨ੍ਹਾਂ ਕਿ ਜੇ ਡੀ ਲਿਸਟ ਨੰਬਰ ਤਾਂ ਇਸ ਬਾਰੇ ਮਾਲ ਵਿਭਾਗ ਨਿਸ਼ਾਨ ਦੇਈ ਕਰੇਗਾ ਜਾ ਪੰਚਾਇਤਾਂ ਅਸਲੀਅਤ ਦੱਸ ਸਕਦੀਆਂ। ਉਨ੍ਹਾਂ ਕਿਹਾ ਜੰਗਲੀ ਰਕਬੇ ਨਾਲ ਕਾਨੂੰਨ ਅਨੁਸਾਰ ਹੀ ਛੇੜਖਾਨੀ ਕਰਨ ਦੇਵੇਗਾ।

# ਤਰਕਸ਼ੀਲ ਸੁਸਾਇਟੀ ਇਕਾਈ ਬੰਗਾ ਦੀ ਮੀਟਿੰਗ ਹੋਈ

**ਬੰਗਾ ( ਚਰਨਜੀਤ ਸੱਲ੍ਹਾਂ )-** ਤਰਕਸ਼ੀਲ ਸੁਸਾਇਟੀ ਇਕਾਈ ਬੰਗਾ ਦੀ ਅਹਿਮ ਮੀਟਿੰਗ ਤਰਕਸ਼ੀਲ ਸੁਸਾਇਟੀ ਦੇ ਆਗੂ ਸੁਖਵਿੰਦਰ ਗੋਗਾ ਦੇ ਘਰ ਬੰਗਾ ਵਿਖੇ ਕੀਤੀ ਗਈ। ਮੀਟਿੰਗ ਵਿੱਚ ਜੋਨ ਨਵਾਂਸ਼ਹਿਰ ਦੇ ਮੁਖੀ ਮਾ. ਜਗਦੀਸ਼ ਰਾਏ-ਪੁਰ ਡੱਬਾ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ।ਸਭ ਤੋਂ ਪਹਿਲਾਂ ਇਕਾਈ ਆਗੂ ਕੁਲਵਿੰਦਰ ਖਟਕੜ ਦੇ ਪਿਤਾ ਅਤੇ ਇਕਾਈ ਮੁਖੀ ਹਰਜਿੰਦਰ ਸੂੰਨੀ ਦੇ ਮਾਤਾ ਦੇ ਦਿਹਾਂਤ ਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਗਿਆ। ਉਪਰੰਤ ਇਕਾਈ ਦੇ ਮੈਂਬਰਾਂ ਵੱਲੋ ਵੱਖੋ ਵੱਖ ਮੁੱਦਿਆਂ ਤੇ ਗੰਭੀਰ ਵਿਚਾਰ ਚਰਚਾ ਕਰਨ ਉਪਰੰਤ ਫੈਸਲਾ ਕੀਤਾ ਗਿਆ ਕਿ ਇਕਾਈ ਦੇ ਸਾਰੇ ਮੈਂਬਰ ਪਰਿਵਾਰਾਂ ਸਮੇਤ 30 ਨਵੰਬਰ ਨੂੰ ਜੋਨ ਨਵਾਂਸ਼ਹਿਰ ਦੀ ਹੋ



ਰਹੀ ਛਿਮਾਹੀ ਇਕੱਤਰਤਾ ਵਿੱਚ ਸ਼ਾਮਲ ਹੋਣਗੇ। ਜੋਨ ਮੁਖੀ ਮਾ. ਜਗਦੀਸ਼ ਰਾਏਪੁਰ ਡੱਬਾ ਵਲੋਂ ਸਾਰਿਆਂ ਨੂੰ ਅਪੀਲ ਕੀਤੀ ਕਿ ਸੂਬਾ ਕਮੇਟੀ ਵੱਲੋਂ 6 ਅਤੇ 7 ਦਸੰਬਰ ਨੂੰ ਤਰਕਸ਼ੀਲ ਭਵਨ ਬਰਨਾਲਾ ਵਿਖੇ ਹੋ ਰਹੀ ਦੋ ਰੋਜ਼ਾ ਵਰਕਸ਼ਾਪ ਵਿੱਚ ਜ਼ਰੂਰ ਸ਼ਾਮਲ ਹੋਇਆ ਜਾਵੇ। ਮੀਟਿੰਗ ਵਿੱਚ ਕੁੱਲ 105 ਮੈਗਜੀਨਾਂ ਦੀ ਵੰਡ ਕੀਤੀ ਗਈ। ਇਕਾਈ ਵਲੋਂ ਸੈਂਟਰ ਸਰਕਾਰ ਵਲੋਂ ਪੰਜਾਬ ਯੂਨੀਵਰਸਿਟੀ ਵਿੱਚ ਹੋ ਰਹੀ ਗਲ੍ਹਤ ਢੰਗਾਂ ਨਾਲ ਦਖਲ ਅੰਦਾਜੀ ਦੀ ਨਿੰਦਾ ਕੀਤੀ।ਇਸ ਮੌਕੇ ਬਲਜੀਤ ਖਟਕੜ, ਮੋਹਣ ਬੀਕਾ, ਰੂਬੀ ਬੰਗਾ, ਲੈਕ. ਪਰਮਜੀਤ ਖਮਾਚੋ, ਸਤਨਾਮ ਖਟਕੜ, ਬੇਟੀ ਸ਼ਾਇਨ, ਬੇਟਾ ਇਸ਼ਾਂਤ ਸੂੰਨੀ , ਰਵਨੀਤ ਸੂੰਨੀ, ਸੁਖਵਿੰਦਰ ਲੰਗੇਰੀ, ਹਰਚਰਨ ਨੌਰਾ, ਸੰਤੋਸ਼ ਖਟਕੜ ਅਤੇ ਸੁਰੇਸ਼ ਕਰਨਾਣਾ ਆਦਿ ਹਾਜ਼ਰ ਸਨ ।

**ਮਾ. ਜਗਦੀਸ਼ ਰਾਏਪੁਰ ਡੱਬਾ**

**ਫੋਨ ਨੰ 9417434038**

# ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ 13 ਨਵੰਬਰ ਨੂੰ ਹੋ ਰਹੇ ਮਹਾਨ ਗੁਰਮਤਿ ਸਮਾਗਮ ਦੀਆਂ ਤਿਆਰੀਆਂ ਮੁੰਕਮਲ

**ਬੰਗਾ (ਚਰਨਜੀਤ ਸੱਲ੍ਹਾਂ)** ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ-ਕਲੇਰਾਂ ਵੱਲੋਂ ਗੁਰੂ ਨਾਨਕ ਦੇਵ ਜੀ ਦਾ 556ਵਾਂ ਪ੍ਰਕਾਸ਼ ਪੁਰਬ ਬੜੀ ਸ਼ਰਧਾ ਭਾਵਨਾ ਨਾਲ ਗੁਰੂ ਨਾਨਕ ਮਿਸ਼ਨ ਹਸਪਤਾਲ ਵਿਖੇ ਮਨਾਇਆ ਜਾ ਰਿਹਾ ਹੈ । ਇਸ ਸਬੰਧੀ ਹੋ ਰਹੇ ਸਮਾਗਮ ਦੀ ਤਿਆਰੀਆਂ ਦਾ ਜ਼ਾਇਜਾ ਲੈਣ ਮੌਕੇ ਟਰੱਸਟ ਦੇ ਪ੍ਰਧਾਨ ਕੁਲਵਿੰਦਰ ਸਿੰਘ ਢਾਹਾਂ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਹਸਪਤਾਲ ਕੰਪਲੈਕਸ ਵਿਖੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ, ਮਹਾਨ ਗੁਰਮਤਿ ਸਮਾਗਮ 13 ਨਵੰਬਰ, ਦਿਨ ਵੀਰਵਾਰ ਨੂੰ ਸਵੇਰੇ 9.00 ਵਜੇ ਤੋਂ ਦੁਪਹਿਰ 1.00 ਵਜੇ ਤੱਕ ਬੜੀ ਸ਼ਰਧਾ ਭਾਵਨਾ ਨਾਲ ਕਰਵਾਇਆ ਜਾ ਰਿਹਾ ਹੈ । ਜਿਸ ਵਿਚ ਭਾਈ ਜੁਝਾਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ, ਭਾਈ ਜੋਗਾ ਸਿੰਘ ਢਾਹਾਂ ਕਲੇਰਾਂ ਅਤੇ ਟਰੱਸਟ ਦੇ ਪ੍ਰਬੰਧ ਹੇਠਾਂ ਚੱਲਦੇ ਅਦਾਰਿਆਂ ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਗੁਰੂ ਨਾਨਕ ਕਾਲਜ ਆਫ ਨਰਸਿੰਗ ਕਾਲਜ ਅਤੇ ਗੁਰੂ ਨਾਨਕ ਪੈਰਾ ਮੈਡੀਕਲ ਕਾਲਜ ਦੇ ਵਿਦਿਆਰਥੀ



ਹਸਪਤਾਲ ਢਾਹਾਂ ਕਲੇਰਾਂ ਵਿਖੇ ਹੋ ਰਹੇ ਮਹਾਨ ਗੁਰਮਤਿ ਸਮਾਗਮ ਦੀਆਂ ਤਿਆਰੀਆਂ ਦਾ ਜ਼ਾਇਜ਼ਾ ਲੈਂਦੇ ਹੋਏ ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ।

ਕੀਰਤਨੀ ਜਥਿਆਂ ਵੱਲੋਂ ਗੁਰਬਾਣੀ ਕੀਰਤਨ ਕੀਤਾ ਜਾਵੇਗਾ । ਸਮਾਗਮ ਵਿਚ ਪ੍ਰਸਿੱਧ ਕਥਾਵਾਵਕ ਗਿਆਨੀ ਗੁਰਪ੍ਰੀਤ ਸਿੰਘ ਗੁਰਦੁਆਰਾ ਸ਼ਹੀਦ ਗੰਜ ਸ੍ਰੀ ਅੰਮ੍ਰਿਤਸਰ ਗੁਰਬਾਣੀ ਕਥਾ ਸੰਗਤਾਂ ਨੂੰ ਸਰਵਣ ਕਰਾਉਣਗੇ । ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ । ਉਹਨਾਂ ਦੱਸਿਆ ਕਿ ਸਮਾਗਮ ਦੀਆਂ ਤਿਆਰੀਆਂ ਮੁੰਕਮਲ ਹੋ ਗਈਆਂ ਹਨ ਅਤੇ ਇਲਾਕਾ ਨਿਵਾਸੀ ਸਮੂਹ ਸਾਧ ਸੰਗਤ ਨੂੰ ਮਹਾਨ ਗੁਰਮਤਿ ਸਮਾਗਮ ਵਿਚ ਸ਼ਾਮਿਲ ਹੋਣ ਦੀ ਅਪੀਲ ਵੀ ਕੀਤੀ । ਇਸ ਮੌਕੇ ਭਾਈ ਜੋਗਾ ਸਿੰਘ, ਮਹਿੰਦਰਪਾਲ ਸਿੰਘ ਦਫਤਰ ਸੁਪਰਡੈਂਟ ਤੇ ਕਮਲਜੀਤ ਸਿੰਘ ਮੱਟੂ ਅਕਾਊਂਟੈਂਟ ਵੀ ਨਾਲ ਸਨ ।

# ਪੰਜਾਬ ਯੂਨੀਵਰਸਿਟੀ ਪੰਜਾਬ ਦਾ ਦਿਲ : ਗੋਲਡੀ ਪੁਰਖਾਲੀ



**ਰੋਪੜ( ਚਰਨਜੀਤ ਸੱਲ੍ਹਾਂ )** ਬਹੁਜਨ ਸਮਾਜ ਪਾਰਟੀ ਜ਼ਿਲ੍ਹਾ ਰੋਪੜ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਗੋਲਡੀ ਪੁਰਖਾਲੀ ਨੇ ਨੌਜਵਾਨਾਂ ਨਾਲ ਸਾਂਝੀ ਮੀਟਿੰਗ ਦੌਰਾਨ ਬਿਆਨ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ ਪੰਜਾਬ ਦਾ ਦਿਲ ਹੈ ਅਤੇ ਦਿਲ ਕਦੇ ਵੀ ਸਰੀਰ ਨਾਲੋਂ ਵੱਖ ਨਹੀਂ ਹੋ ਸਕਦਾ ।ਪੰਜਾਬੀ ਆਪਣਾ ਦਿਲ ਬਚਾਉਣ ਲਈ ਸਿਰ ਦੀ ਬਾਜ਼ੀ ਲਾਉਣ ਲਈ ਵੀ ਤਿਆਰ ਬਰ ਤਿਆਰ ਬੈਠੇ ਹਨ ।ਕੇਂਦਰ ਸਰਕਾਰ ਭੁੱਲ ਜਾਵੇ ਕੇ ਉਹ ਪੰਜਾਬੀਆਂ ਦਾ ਦਿਲ ਖੋਹ ਲਵੇਗੀ ਅਜਿਹਾ ਕਦੇ ਵੀ ਨਹੀਂ ਹੋ ਸਕਦਾ ।ਇਸ ਮੌਕੇ ਨੌਜਵਾਨ ਸਾਥੀ ਬਾਰ ਕਲਰਕ ਐਸੋਸੀਏਸ਼ਨ ਰੋਪੜ ਦੇ ਸਾਬਕਾ ਪ੍ਰਧਾਨ ਸੁਖਵਿੰਦਰ ਸਿੰਘ ਸੁੱਖਾ ਭਾਰਤੀ ਜਵਾਨ ਕਿਸਾਨ ਪਾਰਟੀ ਦੇ ਜਿਲ੍ਹਾ ਪ੍ਰਧਾਨ ਜਰਨੈਲ ਸਿੰਘ ਰੋਲੀ ਸੰਜੇ ਕੁਮਾਰ ਪੰਚ ਸਲਾਹਪੁਰ ਬਲਵੰਤ ਸਿੰਘ ਚਮਕੌਰ ਸਾਹਿਬ ਬਲਦੇਵ ਸਿੰਘ ਬਲਰਾਮਪੁਰ ਸੁਖਦੇਵ ਸਿੰਘ ਮਨਜੀਤਪੁਰੀ ਮਨਦੀਪ ਸਿੰਘ ਮੱਕੋਵਾਲ ਬਲਵੀਰ ਸਿੰਘ ਜਟਾਣਾਂ ਵਰਿੰਦਰ ਸਿੰਘ ਬਹਿਰਾਮਪੁਰ ਆਦਿ ਸਾਥੀ ਹਾਜ਼ਰ ਸਨ

# ਹਰਦੇਵ ਸਿੰਘ ਕੌਂਸਲ ਸਾਥੀਆਂ ਸਮੇਤ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ 'ਚ ਹੋਏ ਸ਼ਾਮਿਲ

## ਕੌਂਸਲ ਵਰਗੀਆਂ ਬੇਦਾਗ ਸਖਸ਼ੀਅਤਾਂ ਦੀ ਜੁਆਨਿੰਗ ਆਦਰਸ਼ ਰਾਜਨੀਤੀ ਤੇ ਪੰਥਕ ਏਕਤਾ ਵੱਲ ਮਹੱਤਵਪੂਰਨ ਕਦਮ-ਗਿਆਨੀ ਹਰਪ੍ਰੀਤ ਸਿੰਘ

**ਹੁਸ਼ਿਆਰਪੁਰ, ( ਤਰਸੇਮ ਦੀਵਾਨਾ )** ਲੋਕ ਇਨਸਾਫ ਪਾਰਟੀ ਦੇ ਸਾਬਕਾ ਪੰਜਾਬ ਪ੍ਰਧਾਨ (ਬੀ.ਸੀ. ਵਿੰਗ),ਕੌਮੀ ਪ੍ਰਧਾਨ ਰਾਮਗੜ੍ਹੀਆ ਸਿੱਖ ਆਰਗੇਨਾਈਜੇਸ਼ਨ ਇੰਡੀਆ, ਪੰਜਾਬ ਪ੍ਰਧਾਨ ਸਿਵਲ ਪ੍ਰੋਟੈਕਸ਼ਨ ਲੀਗਲ ਸਰਵਿਸ ਇੰਡੀਆ ਅਤੇ ਸਾਬਕਾ ਮੈਂਬਰ ਜਨਰਲ ਕੌਂਸਲ ਸ਼੍ਰੋਮਣੀ ਅਕਾਲੀ ਦਲ ਬਾਦਲ ਸਰਦਾਰ ਹਰਦੇਵ ਸਿੰਘ ਕੌਂਸਲ ਆਪਣੇ ਸਾਥੀਆਂ ਸਮੇਤ ਗਿਆਨੀ ਹਰਪ੍ਰੀਤ ਸਿੰਘ ਦੀ ਹਾਜ਼ਰੀ 'ਚ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਵਿੱਚ ਸ਼ਾਮਿਲ ਹੋ ਗਏ। ਗੋਨਿਆਣਾ ਮੰਡੀ ਵਿਖੇ ਹੋਏ ਇੱਕ ਸਾਦਾ ਤੇ ਪ੍ਰਭਾਵਸ਼ਾਲੀ ਸਮਾਗਮ ਵਿੱਚ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਸਿਰੋਪਾ ਪਾ ਕੇ ਸਰਦਾਰ ਹਰਦੇਵ ਸਿੰਘ ਕੌਂਸਲ ਅਤੇ ਉਹਨਾਂ ਦੇ ਸਾਥੀਆਂ ਦਾ



ਨਿੱਘਾ ਸਵਾਗਤ ਕੀਤਾ। ਇਸ ਮੌਕੇ ਹਰਦੇਵ ਸਿੰਘ ਕੌਂਸਲ ਨਾਲ ਸਰਬਜੀਤ ਸਿੰਘ ਬਾਂਸਲ,ਗੁਰਦੇਵ ਸਿੰਘ (ਰਿਟਾਇਰਡ ਐਕਸੀਅਨ), ਜਗਸੀਰ ਸਿੰਘ ਧੀਮਾਨ ਬਰਨਾਲਾ, ਕਰਨੈਲ ਸਿੰਘ ਬਠਿੰਡਾ,ਹਰਵਿੰਦਰ ਸਿੰਘ ਬਾਹੀਆ ਬਠਿੰਡਾ, ਗੁਰਸੇਵਕ ਸਿੰਘ ਕੌਂਸਲ, ਕਰਨੈਲ ਸਿੰਘ ਅਤੇ ਬਲਜੀਤ ਸਿੰਘ ਸਮੇਤ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਪਾਰਟੀ ਵਿੱਚ ਸ਼ਾਮਲ ਹੋਏ। ਇਸ ਮੌਕੇ ਗਿਆਨੀ ਹਰਪ੍ਰੀਤ ਸਿੰਘ ਨੇ ਸਰਦਾਰ ਹਰਦੇਵ ਸਿੰਘ ਕੌਂਸਲ ਦਾ ਸਾਥੀਆਂ ਸਮੇਤ ਪਾਰਟੀ ਵਿੱਚ ਸ਼ਾਮਿਲ ਹੋਣ 'ਤੇ ਨਿੱਘਾ ਸਵਾਗਤ ਕਰਦਿਆਂ ਕਿਹਾ ਕਿ ਕੌਂਸਲ ਵਰਗੀਆਂ ਬੇਦਾਗ ਸ਼ਖਸ਼ੀਅਤਾਂ ਦਾ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਵਿੱਚ ਸ਼ਾਮਿਲ ਹੋਣਾ ਪੰਥਕ ਏਕਤਾ ਅਤੇ ਆਦਰਸ਼ ਰਾਜਨੀਤੀ ਵੱਲ ਇੱਕ ਮਹੱਤਵਪੂਰਨ ਕਦਮ ਹੈ ਜੋ ਇਹ ਸਾਬਿਤ ਕਰਦਾ ਹੈ ਕਿ ਬਾਦਲ ਪਰਿਵਾਰ ਦੀਆਂ ਧੱਕੇਸ਼ਾਹੀਆਂ ਤੋਂ ਨਾਰਾਜ਼ ਹੋ ਕੇ ਦੂਜੀਆਂ ਪਾਰਟੀਆਂ ਵਿੱਚ ਗਏ ਅਕਾਲੀ ਆਗੂਆਂ ਦੀ ਰੂਹ ਅਜੇ ਵੀ ਟਕਸਾਲੀ ਅਕਾਲੀ ਹੈ ਜਿਨ੍ਹਾਂ ਦੀ ਘਰ ਵਾਪਸੀ ਲਈ ਹੁਣ ਰਸਤਾ ਖੁਲ੍ਹੇ ਹਨ ਙ ਇਸ ਮੌਕੇ ਆਪਣੇ ਸੰਬੋਧਨ ਵਿੱਚ ਸਰਦਾਰ ਹਰਦੇਵ ਸਿੰਘ ਕੌਂਸਲ ਨੇ ਗਿਆਨੀ ਹਰਪ੍ਰੀਤ ਸਿੰਘ ਦਾ ਧੰਨਵਾਦ ਕਰਦਿਆਂ ਕਿਹਾ ਉਹਨਾਂ ਦੀ ਅਗਵਾਈ ਵਿੱਚ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਗਠਨ ਹੋਣ ਨਾਲ ਬਾਦਲ ਪਰਿਵਾਰ ਦੀਆਂ ਆਪ ਹੁਦਰੀਆਂ ਤੋਂ ਰੁਸੇ ਹੋਏ ਅਕਾਲੀ ਵਰਕਰਾਂ ਨੂੰ ਘਰ ਵਾਪਸੀ ਦਾ ਮੌਕਾ ਮਿਲਿਆ ਹੈ ਉਨ੍ਹਾਂ ਭਰੋਸਾ ਦਿੱਤਾ ਕਿ ਆਉਣ ਵਾਲੇ ਸਮੇਂ ਵਿੱਚ ਪਾਰਟੀ ਦੀ ਮਜਬੂਤੀ ਅਤੇ ਟਕਸਾਲੀ ਅਕਾਲੀ ਪਰਿਵਾਰਾਂ ਨੂੰ ਪਾਰਟੀ ਨਾਲ ਜੋੜਨ ਵਿੱਚ ਆਪਣੀ ਡਿਊਟੀ ਨਿਭਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਰਹਿਣ ਦੇਣਗੇ ਙ ਇਸ ਮੌਕੇ ਪਰਮਜੀਤ ਸਿੰਘ ਬਿੱਲੂ,ਲਾਭ ਸਿੰਘ, ਤਰਲੋਚਨ ਸਿੰਘ ਧੀਮਾਨ, ਬਲਵਿੰਦਰ ਸਿੰਘ ਭੋਗਲ, ਸੁਰਿੰਦਰ ਸਿੰਘ ਭੋਗਲ,ਹਰਸੇਵਕ ਸਿੰਘ ਬਾਹੀਆ, ਸੁਰਜੀਤ ਸਿੰਘ ਬੋਪਾਰਾਏ,ਚਰਨਜੀਤ ਸਿੰਘ ਬਠਿੰਡਾ (ਵਰਕਿੰਗ ਕਮੇਟੀ ਮੈਂਬਰ) ਅਤੇ ਰਾਜਵਿੰਦਰ ਸਿੰਘ ਰਾਣਾ (ਸੀਨੀਅਰ ਮੀਤ ਪ੍ਰਧਾਨ ਸ਼ਹਿਰੀ ਜ਼ਿਲ੍ਹਾ ਬਠਿੰਡਾ) ਵੀ ਮੌਜੂਦ ਸਨ । ਫੋਟੋ ਅਜਮੇਰ ਦੀਵਾਨਾ

# ਸਿਨਸਿਨੈਟੀ ਵਿਖੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਮਨਾਇਆ, ਕੱਢਿਆ ਗਿਆ ਨਗਰ ਕੀਰਤਨ







**ਵੱਲੋਂ: ਸਮੀਪ ਸਿੰਘ ਗੁਮਟਾਲਾ ਸਿਨਸਿਨੈਟੀ, ਓਹਾਇਓ :** ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ 556ਵਾਂ ਪ੍ਰਕਾਸ਼ ਪੁਰਬ ਅਮਰੀਕਾ ਦੇ ਸੂਬੇ ਓਹਾਇਓ ਦੇ ਸ਼ਹਿਰ ਸਿਨਸਿਨੈਟੀ ਵਿਖੇ ਗੁਰਦੁਆਰਾ ਗੁਰੂ ਨਾਨਕ ਸੋਸਾਇਟੀ ਆਫ ਗ੍ਰੇਟਰ ਸਿਨਸਿਨੈਟੀ ਦੀ ਸਮੂਹ ਸਾਧ ਸੰਗਤ ਵਲੋਂ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ।

ਗੁਰਪੁਰਬ ਦੇ ਸੰਬੰਧ ਵਿੱਚ ਪੰਜ ਦਿਨ ਵਿਸ਼ੇਸ਼ ਦੀਵਾਨ ਸਜਾਏ ਗਏ। ਇਹਨਾਂ ਸਮਾਗਮਾਂ 'ਚ ਸ਼ਾਮਲ ਹੋਣ ਲਈ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਭਾਈ ਸੁਖਵਿੰਦਰ ਸਿੰਘ ਜੀ ਦਾ ਜੱਥਾ ਕੈਲੀਫੋਰਨੀਆ ਤੋਂ ਸਿਨਸਿਨੈਟੀ ਪੁੱਜਾ। ਨਿਸ਼ਾਨ ਸਾਹਿਬ ਦੀ ਸੇਵਾ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜ ਪਿਆਰਿਆ ਦੀ ਅਗਵਾਈ ਹੇਠ ਨਗਰ ਕੀਰਤਨ ਕੱਢਿਆ ਗਿਆ। ਨਗਰ ਕੀਰਤਨ ਗੁਰਦੁਆਰਾ ਸਾਹਿਬ ਦੇ ਨਾਲ ਲਗਦੀਆਂ ਕਈ ਰਿਹਾਸ਼ੀ ਅਬਾਦੀਆਂ ਵਿੱਚੋਂ ਦੀ ਲੰਿਗਆ। ਵੱਡੀ ਗਿਣਤੀ ਵਿੱਚ ਸਿਨਸਿਨੈਟੀ ਦੇ ਨਾਲ ਲੱਗਦੇ ਸ਼ਹਿਰ ਡੇਟਨ, ਅਤੇ ਸੂਬੇ ਇੰਡਿਆਣਾ ਅਤੇ ਕੈਨਟੱਕੀ ਤੋਂ ਵੀ ਸੰਗਤਾਂ ਇਸ ਵਿੱਚ ਸ਼ਾਮਲ ਹੋਈਆਂ।

ਰਸਤੇ ਵਿੱਚ ਇਹਨਾਂ ਅਬਾਦੀਆਂ ਵਿੱਚ ਰਹਿੰਦੀਆਂ ਸਿੱਖ ਸੰਗਤਾਂ ਵਲੋਂ ਗਰਮ ਦੁੱਧ, ਪਾਣੀ, ਫਲਾਂ, ਮਿਠਾਈ ਆਦਿ ਦੇ ਲੰਗਰ ਵੀ ਸੰਗਤਾਂ ਨੂੰ ਵਰਤਾਏ ਗਏ। ਅਮਰੀਕਨਾਂ ਨੇ ਵੀ ਆਪਣੇ ਘਰਾਂ ਦੇ ਬਾਹਰ ਆ ਕੇ ਸਿੱਖ ਸੰਗਤ ਨੂੰ ਗੁਰਪੁਰਬ ਦੀ ਵਧਾਈ ਦਿੱਤੀ। ਇਸ ਨਾਲ ਉਹਨਾਂ ਨੂੰ ਵੀ ਸਿੱਖਾਂ ਬਾਰੇ ਜਾਣਕਾਰੀ ਮਿਲੀ।

ਸਮਾਗਮ ਦੇ ਅਖੀਰਲੇ ਦਿਨ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਸਜਾਏ ਗਏ ਧਾਰਮਿਕ ਦੀਵਾਨ ਦੌਰਾਨ ਭਾਈ ਸੁਖਵਿੰਦਰ ਸਿੰਘ ਜੀ ਦੇ ਕੀਰਤਨ ਜੱਥੇ ਨੇ ਦੋ ਘੰਟਿਆਂ ਲਈ ਅੰਮ੍ਰਿਤ ਬਾਣੀ ਦੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਦੌਰਾਨ ਪੰਜੇ ਦਿਨ ਗੁਰੂ ਕਾ ਲੰਗਰ ਵੀ ਅਤੁੱਟ ਵਰਤਾਇਆ ਗਿਆ। ਪ੍ਰਬੰਧਕ ਕਮੇਟੀ ਨੇ ਇਹਨਾਂ ਵਿਸ਼ੇਸ਼ ਸਮਾਗਮਾਂ ਲਈ ਸੇਵਾਦਾਰਾਂ, ਸੰਗਤ ਅਤੇ ਨਗਰ ਕੀਰਤਨ ਦੌਰਾਨ ਆਪਣੀਆਂ ਸੇਵਾਵਾਂ ਦੇਣ ਲਈ ਵੈਸਟ ਚੈਸਟਰ ਪੁਲਿਸ ਦਾ ਧੰਨਵਾਦ ਕੀਤਾ।

# ਚੰਡੀਗੜ੍ਹ ਪੁਲਿਸ ਨਾਲ ਭਿੜਨ ਵਾਲੀ ਹਰਮਨਪ੍ਰੀਤ ਕੌਰ ਸ੍ਰੀ ਅਨੰਦਪੁਰ ਸਾਹਿਬ ਦੇ ਨੂਰਪੁਰ ਬੇਦੀ ਦੀ ਜੰਮਪਲ

## ਆਪਣੇ ਵਿਦਿਆਰਥੀ ਹੱਕਾਂ ਖਾਤਰ ਲੜਨ ਲਈ ਸ਼ੋਸ਼ਲ ਮੀਡੀਆ ਤੇ ਛਾਈ ਕਰਾਈ ਬੱਲੇ ਬੱਲੇ

## ਬਾਂਹ ਛੱਡ ਮੇਰੀ,............... ਨਹੀਂ ਤਾਂ ਆਪਣਾ ਹਿਸਾਬ ਲਗਾ ਲਈ......

**ਰੂਪਨਗਰ /ਸ੍ਰੀ ਅਨੰਦਪੁਰ ਸਾਹਿਬ (ਜਤਿੰਦਰ ਪਾਲ ਸਿੰਘ ਕਲੇਰ )** ਪੰਜਾਬ ਯੂਨੀਵਰਸਿਟੀ ਬਚਾਓ ਮੋਰਚਾ ਚੱਲ ਰਿਹਾ ਤੇ ਮੋਰਚੇ ਦੇ ਵਿੱਚ ਇੱਕ ਤਸਵੀਰ ਜਿਹੜੀ ਨਿਕਲ ਕੇ ਸਾਹਮਣੇ ਆਈ ਸੀ ਇੱਕ ਲੜਕੀ ਜਿਹਨੂੰ ਗੇਟ ਤੇ ਯੂਨੀਵਰਸਿਟੀ ਦੇ ਤੇ ਰੋਕਿਆ ਗਿਆ ਸੀ ਤੇ ਉਹਨੇ ਇਨੀ ਜੁਰਤ ਵਾਲੀ ਜਿਹੜੀ ਗੱਲ ਕਹੀ ਕਿ "ਆਪਣਾ ਹਿਸਾਬ ਲਾ ਲਿਓ"

ਉੱਤੇ ਹੀ ਬੀਤੇ ਕੱਲ ਯੂਨੀਵਰਸਿਟੀ ਦੇ ਅੰਦਰ ਚੰਡੀਗੜ੍ਹ ਲੇਡੀ ਪੁਲਿਸ ਨਾਲ ਬਾਂ ਛੱਡਣ ਨੂੰ ਲੈ ਕੇ ਹਰਮਨ ਪ੍ਰੀਤ ਆਪਣੀ ਇਕੱਲੀ ਝਾਂਸੀ ਦੀ ਰਾਣੀ ਵਾਂਗ ਦਲੇਰੀ ਵਿਖਾਈ ਦਿੰਦੀ ਸੋਸ਼ਲ ਮੀਡੀਆ ਤੇ ਖੂਬ ਵਾਇਰਲ ਹੋਈ ਹੈ ਜਿਸ ਤੇ ਬਾਕੀ ਨਿਊਜ਼ ਚੈਨਲਾਂ ਨੇ ਉਸਦੀ ਇੰਟਰਵਿਊ ਕਰਨੀ ਸ਼ੁਰੂ ਕਰ ਦਿੱਤੀ ਦੱਸ ਦਈਏ ਕਿ ਇਹ ਹਰਮਨ ਪ੍ਰੀਤ ਕੌਰ ਇਤਿਹਾਸਿਕ ਧਰਤੀ ਸ੍ਰੀ ਅਨੰਦਪੁਰ ਸਾਹਿਬ ਦੇ ਨਜ਼ਦੀਕੀ ਪਿੰਡ ਨੂਰਪੁਰ ਬੇਦੀ ਦੀ ਰਹਿਣ ਵਾਲੀ ਹੈ



ਜਿਸਨੇ ਇਕੱਲੀ ਨੇ ਆਪਣੇ ਵਿਦਿਆਰਥੀ ਪਾਈ ਜਾ ਰਹੀ ਦੀ ਹੱਕ ਦੀ ਆਵਾਜ਼ ਬੁਲੰਦ ਕੀਤੀ ਹੈ ਕੀ ਹੋਈ ਸੀ ਜਦੋਂ ਤੁਸੀਂ ਕਿਹਾ ਬਾਂਹ ਛੱਡ ਮੇਰੀ ਬਾਂਹ ਛੱਡ ਨੀ ਆਪਣਾ ਹਿਸਾਬ ਲਾ ਲਈ ਬਾਹਰ ਛੱਡਣ ਜਮੇਤੇ ਪੈ ਗਈ ਆਪਣਾ ਹਿਸਾਬ ਲਗਾ ਲਿ ਮੇਰੇ ਦੇ ਨਾਲ ਮਤਲਬ ਲੇਡੀਜ ਸਟਾਫ ਥੋੜਾ ਹੱਥੋਂ ਪਾਈ ਹੋਇਆ ਮੇਰੇ ਦੇ ਨਾਲ ਤੇ ਉਸ ਤੋਂ ਬਾਅਦ ਥੋੜਾ ਮਤਲਬ ਜੋ ਵੀ ਸੀ ਮੂੰਹ ਚੋਂ ਸ਼ਬਦ ਨਿਕਲੇ ਮੈਂ 20 ਵਾਰ ਆਪਣਾ ਆਈ ਕਾਰਡ ਵੀ ਦੱਸਿਆ ਉਹਨਾਂ ਨੂੰ ਉਹਨਾਂ ਨੇ ਖੁਦ ਵੀ ਚੈੱਕ ਕੀਤਾ ਪਰ ਉਹ ਫਿਰ ਵੀ ਮੈਨੂੰ ਅੰਦਰ ਐਂਟਰ ਨਹੀਂ ਸੀ ਹੋਣ ਦਿੰਦੇ ਕਹਿੰਦੇ ਕੋਈ ਨਾ ਥੋੜੇ ਟਾਈਮ ਤੱਕ ਦੱਸ ਦਿੰਦੇ ਡੀਐਸਪੀ ਸਾਹਿਬ ਨੇ ਵੀ ਇਹੀ ਕਿਹਾ ਕਿ ਹਾਂ ਜੀ ਥੋੜੇ ਟਾਈਮ ਤੱਕ ਦੱਸ ਦਿੰਦੇ ਤੁਹਾਨੂੰ ਇੱਥੇ ਦੱਸਣਾ ਬਣਦਾ ਹੈ ਕਿ ਹਲਕਾ ਰੂਪ ਨਗਰ ਦੀ ਬਲਾਕ ਨੂਰਪੁਰ ਬੇਦੀ ਦੀ ਇਹ ਧੀ ਹਰਮਨ ਪ੍ਰੀਤ ਕੌਰ ਸੋਸ਼ਲ ਮੀਡੀਆ ਤੇ ਜਿੱਥੇ ਵਾਇਰਲ ਹੋ ਰਹੀ ਹੈ ਉੱਥੇ ਹੀ ਇਸ ਕੁੜੀ ਦੀ ਦਲੇਰੀ ਨੂੰ ਸਲਾਮ ਹੈ।

ਕਰਤਾਰ ਕਾਨਵੈਂਟ ਸਕੂਲ ਪ੍ਰਿੰਸ ਕਲੋਨੀ, 33 ਫੁੱਟ ਰੋਡ, ਲੁਧਿਆਣਾ ਦੇ ਪ੍ਰਿੰਸੀਪਲ ਸ਼੍ਰੀਮਤੀ ਹਰਪ੍ਰੀਤ ਕੌਰ ਜੀ ਦੇ ਭਤੀਜੇ ਜਸਕਰਨ ਸਿੰਘ ਦਾ ਜਨਮ-ਦਿਨ ਬੀਤੇ ਦਿਨੀਂ ਬੜੇ ਧੂਮਧਾਮ ਨਾਲ ਮਨਾਇਆ ਗਿਆ । ਇਸ ਮੌਕੇ ਕੇਕ ਕੱਟਿਆ ਗਿਆ । ਪਰਿਵਾਰਕ ਮੈਂਬਰਾਂ ਨੇ ਜਸਕਰਨ ਸਿੰਘ ਦਾ ਕੇਕ ਖੁਆ ਕੇ ਮੂੰਹ ਮਿੱਠਾ ਕਰਵਾਇਆ ਤੇ ਉਸ ਦੀ ਵੱਡੀ ਉਮਰ ਲਈ ਅਰਦਾਸ ਕੀਤੀ ਗਈ।

**( ਫੋਟੋ ਤੇ ਵੇਰਵਾ : ਕਰਨੈਲ ਸਿੰਘ ਐੱਮ.ਏ. ਲੁਧਿਆਣਾ)**






# ਪਿੰਡ ਚਾਹਲ ਜੱਟਾਂ 'ਚ ਗੰਦੇ ਪਾਣੀ ਦੇ ਨਿਕਾਸ ਲਈ ਪੰਚਾਇਤ ਨੇ ਛੱਪੜ ਦੀ ਸਫਾਈ ਦਾ ਕੰਮ ਕਰਾਇਆ ਸ਼ੁਰੂ

## ਕਈ ਸਾਲ ਤੋਂ ਪਿੰਡ ਵਾਸੀ ਗੰਦੇ ਪਾਣੀ ਤੋਂ ਸਨ ਪਰੇਸ਼ਾਨ

**ਨਵਾਂਸ਼ਹਿਰ /ਕਾਠਗੜ੍ਹ, (ਜਤਿੰਦਰ ਪਾਲ ਸਿੰਘ ਕਲੇਰ )** ਨਜ਼ਦੀਕੀ ਪਿੰਡ ਚਾਹਲ ਜੱਟਾਂ ਵਿੱਚ ਲੰਬੇ ਸਮੇਂ ਤੋਂ ਚੱਲ ਰਹੇ ਗੰਦੇ ਪਾਣੀ ਦੀ ਸਮੱਸਿਆ ਨੂੰ ਹੱਲ ਕਰਨ ਲਈ ਪਿੰਡ ਦੀ ਨਵੀਂ ਬਣੀ ਪੰਚਾਇਤ ਨੇ ਹਲਕਾ ਵਿਧਾਇਕ ਦੇ ਯਤਨਾਂ ਨਾਲ ਛੱਪੜ ਦੀ ਸਫਾਈ ਦਾ ਕੰਮ ਜੰਗੀ ਪੱਧਰ 'ਤੇ ਸ਼ੁਰੂ ਕਰਵਾ ਦਿੱਤਾ ਹੈ।

ਜਿਕਰਯੋਗ ਹੈ ਕਿ ਪਿੰਡ ਚਾਹਲ ਜੱਟਾਂ ਵਿੱਚ ਜੋ ਗੰਦੇ ਪਾਣੀ ਦਾ ਛੱਪੜ ਹੈ ਗੰਦਗੀ ਅਤੇ ਮਲਬੇ ਕਾਰਨ ਉਸ ਦਾ ਆਕਾਰ ਕਾਫੀ ਛੋਟਾ ਹੋ ਗਿਆ ਸੀ ਅਤੇ ਨਾਲ ਹੀ ਗੰਦੇ ਪਾਣੀ ਦੇ ਨਿਕਾਸੀ ਨਾਲੇ ਵੀ ਸਫਾਈ ਨਾ ਹੋਣ ਕਰਕੇ ਬੰਦ ਹੋ ਗਏ ਸਨ ਜਿਸ ਕਾਰਨ ਗੰਦਾ ਪਾਣੀ ਪਿੰਡ ਦੀ ਮੇਨ ਗਲੀ ਅਤੇ ਲਿੰਕ ਸੜਕ ਵਿੱਚ ਵੱਡੀ ਮਾਤਰਾ ਵਿੱਚ ਜਮਾਂ ਰਹਿਣ ਲੱਗਿਆ ਜਦਕਿ ਬਰਸਾਤ ਦੇ ਦਿਨਾਂ ਵਿੱਚ ਤਾਂ ਸਥਿਤੀ ਕਾਫੀ ਬਦਤਰ ਹੋ ਜਾਂਦੀ ਸੀ। ਰਾਹਗੀਰ ਅਤੇ ਪਿੰਡ ਵਾਸੀ ਗੰਦੇ ਪਾਣੀ ਦੀ ਇਸ ਸਮੱਸਿਆ ਤੋਂ ਬਹੁਤ ਪਰੇਸ਼ਾਨ ਸਨ। ਪੱਤਰਕਾਰਾਂ ਦੀ ਟੀਮ ਦੁਆਰਾ ਕੁੱਝ ਦਿਨ ਪਹਿਲਾਂ ਪਿੰਡ ਦਾ ਮੌਕਾ ਦੇਖ ਕੇ ਇਸ ਸਮੱਸਿਆ ਨੂੰ ਮੀਡੀਆ ਰਾਹੀਂ ਪ੍ਰਸ਼ਾਸਨ ਅਤੇ ਸਰਕਾਰ ਤੱਕ ਪਹੁੰਚਾਇਆ ਜਿਸ ਤੋਂ ਬਾਅਦ ਹਲਕਾ ਵਿਧਾਇਕ ਸ਼੍ਰੀਮਤੀ ਸੰਤੋਸ਼ ਕਟਾਰੀਆ ਦੇ ਯਤਨਾਂ ਸਦਕਾ ਚਾਹਲ ਜੱਟਾਂ ਦੇ ਸਰਪੰਚ ਹਰਵਿੰਦਰ ਸਿੰਘ ਨੇ 20-25 ਸਾਲ ਤੋਂ ਗੰਦੇ ਪਾਣੀ ਦੀ ਇਸ ਸਮੱਸਿਆ ਦੇ ਹੱਲ ਲਈ ਪੋਕਲੇਨ ਮਸ਼ੀਨ ਰਾਹੀਂ ਪਿੰਡ ਦੇ ਛੱਪੜ ਦੀ ਸਫਾਈ ਦਾ ਕੰਮ ਜੰਗੀ ਪੱਧਰ 'ਤੇ ਸ਼ੁਰੂ ਕਰਵਾ ਦਿੱਤਾ ਅਤੇ ਛੱਪੜ ਵਿੱਚੋਂ ਕੱਢੀ ਜਾ ਰਹੀ ਗਾਦ/ ਮਿੱਟੀ ਨੂੰ ਟਰਾਲੀਆਂ ਰਾਹੀਂ ਨੀਵੀਆਂ ਥਾਵਾਂ 'ਤੇ ਪੁਆਇਆ ਜਾ ਰਿਹਾ ਹੈ। ਇਸੇ ਤਰ੍ਹਾਂ ਜੋ ਗੰਦੇ ਪਾਣੀ ਦੇ ਨਿਕਾਸੀ ਨਾਲੇ ਸਨ ਉਹਨਾਂ ਦੀ ਵੀ ਸਫਾਈ ਕਰਵਾਈ ਜਾ ਰਹੀ ਹੈ ਅਤੇ ਜਿਸ ਥਾਂ 'ਤੇ ਪਾਣੀ ਜਮਾਂ ਰਹਿੰਦਾ ਸੀ ਉੱਥੇ ਅੰਡਰਗਰਾਊਂਡ ਪਾਈਪ ਦਬਾ ਕੇ ਪਹਿਲਾਂ ਵਾਲੇ ਅੰਡਰਗਰਾਊਂਡ ਨਿਕਾਸੀ ਨਾਲੇ ਨਾਲ ਜੋੜ ਕੇ ਗੰਦੇ ਪਾਣੀ ਦੀ ਨਿਕਾਸੀ ਨੂੰ ਸਹੀ ਕਰਵਾਇਆ। ਸਰਪੰਚ ਹਰਵਿੰਦਰ ਸਿੰਘ ਨੇ ਦੱਸਿਆ ਕਿ ਹਲਕਾ ਵਿਧਾਇਕ ਨੇ ਇਸ ਕੰਮ ਲਈ ਉਹਨਾਂ ਨੂੰ ਪੂਰਾ ਸਹਿਯੋਗ ਦਿੱਤਾ ਹੈ ਤਾਂ ਕਿ ਉਹਨਾਂ ਦਾ ਪਿੰਡ ਸਾਫ-ਸੁਥਰਾ ਬਣ ਸਕੇ। ਉਹਨਾਂ ਹਲਕਾ ਵਿਧਾਇਕ ਦਾ ਧੰਨਵਾਦ ਕਰਦੇ ਹੋਏ ਪਿੰਡ ਦੇ ਦੂਜੇ ਵਿਕਾਸ ਕਾਰਜਾਂ ਲਈ ਵੀ ਮਦਦ ਦੀ ਮੰਗ ਕੀਤੀ ਹੈ ਕਿਉਂਕਿ ਪਿਛਲੀਆਂ ਸਰਕਾਰਾਂ ਸਮੇਂ ਕਿਸੇ ਨੇ ਵੀ ਉਹਨਾਂ ਦੇ ਪਿੰਡ ਵਿੱਚ ਗੰਦੇ ਪਾਣੀ ਦੀ ਸਮੱਸਿਆ ਨੂੰ ਹੱਲ ਨਹੀਂ ਸੀ ਕਰਵਾਇਆ।


ਪਿੰਡ ਚਾਹਲ ਦੇ ਸਰਪੰਚ ਹਰਵਿੰਦਰ ਸਿੰਘ ਜਾਣਕਾਰੀ ਦਿੰਦੇ ਜੇ ਸੀ ਬੀ ਗਾਰ /ਮਿੱਟੀ ਸਾਫ ਕਰਦੇ ਹੋਏ ।

# "ਆਓ ਮਿਲ ਕੇ ਅਭਿਆਨ ਚਲਾਈਏ, ਨਸ਼ਾ ਮੁਕਤ ਪੰਜਾਬ ਬਣਾਈਏ" ਮੁਹਿੰਮ ਤਹਿਤ ਥਾਣਾ ਸਦਰ ਐਸ ਐਚ ਓ ਬਿਕਰਮ ਸਿੰਘ

**ਬਲਾਚੌਰ, (ਜਤਿੰਦਰ ਪਾਲ ਸਿੰਘ ਕਲੇਰ )** ਯੁੱਧ ਨਸ਼ਿਆਂ ਦੇ ਵਿਰੋਧ ਵਿੱਚ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਰਜਿ 295 ਬਲੋਕ ਸੜੋਆ ਨੇ ਪਿੰਡ ਬਕਾ ਪੁਰ ਗੁਰੂ ਨਾਨਕ ਚੈਰੀਟੇਬਲ ਹੋਸਪਿਟਲ ਵਿਖੇ ਇੱਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਤੇ ਐਸ ਐਚ ਓ ਸਦਰ ਬਲਾਚੌਰ ਬਿਕਰਮ ਸਿੰਘ ਰੋੜੀ ਉਹਨਾਂ ਦੇ ਨਾਲ ਭਾਗ ਸਿੰਘ ਪੀ ਐਚ ਜੀ ਅਤੇ ਕਰਨੈਲ ਸਿੰਘ ਪੀ ਐਚ ਜੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਨੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਸਮਾਜ ਵਿੱਚ ਨਸ਼ੇ ਦੇ ਖ਼ਿਲਾਫ਼ ਜਾਗਰੂਕਤਾ ਫੈਲਾਉਣ ਦਾ ਸੰਦੇਸ਼ ਦਿੱਤਾ। ਸੈਮੀਨਾਰ ਦੌਰਾਨ ਪ੍ਰੈਕਟੀਸ਼ਨਰਾ ਨੇ ਵੀ ਲੋਕਾਂ ਨੂੰ ਨਸ਼ਿਆਂ ਦੇ ਨੁਕਸਾਨਾਂ ਬਾਰੇ ਜਾਣਕਾਰੀ ਦਿੱਤੀ ਤੇ ਸਿਹਤਮੰਦ ਜੀਵਨ ਜੀਊਣ ਲਈ ਪ੍ਰੇਰਿਤ ਕੀਤਾ। ਸਬ ਇੰਸਪੈਕਟਰ ਵਿਕਰਮ ਸਿੰਘ ਨੇ ਬੋਲਦੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਨਿਰਣਾਇਕ ਲੜਾਈ ਵਿੱਢੀ ਗਈ ਹੈ। ਜਿਸ ਲਈ ਲੋਕਾਂ ਦਾ ਸਾਥ ਬਹੁਤ ਜ਼ਰੂਰੀ ਹੈ। ਉਹਨਾਂ ਕਿਹਾ ਕਿ "ਯੁੱਧ ਨਸ਼ਿਆਂ ਵਿਰੁੱਧ" ਮੁਹਿੰਮ ਵਿੱਚ ਧਾਰਮਿਕ ਅਤੇ ਸਮਾਜਿਕ ਜਥੇਬੰਦੀਆਂ ਦੇ ਆਗੂ ਨੂੰ ਅਪੀਲ ਕੀਤੀ ਹੈ ਕਿ ਉਹ ਵੀ ਪੰਜਾਬ ਸਰਕਾਰ ਵੱਲੋਂ ਚਲਾਏ ਜਾ ਰਹੇ ਯੁੱਧ ਨਸ਼ਿਆਂ ਵਿਰੁੱਧ ਵਿੱਚ ਆਪਣਾ ਯੋਗ ਦਾਨ ਪਾਉਣ। ਧਾਰਮਿਕ ਅਸਥਾਨਾਂ ਉੱਪਰ ਸਵੇਰੇ-ਸ਼ਾਮ ਰੋਜ਼ਾਨਾ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਣ ਲਈ ਪ੍ਰੇਰਿਤ ਕੀਤਾ ਜਾਵੇ। ਨਸ਼ੇ ਤੋਂ ਪ੍ਰਭਾਵਿਤ ਅਗਰ ਕੋਈ ਵੀ ਵਿਅਕਤੀ ਨਸ਼ੇ ਛੱਡਣਾ ਚਾਹੁੰਦਾ ਹੈ ਤਾਂ ਉਹ ਬੇਝਿਜਕ ਹੋ ਕੇ ਪੁਲਸ ਕੋਲ ਆਵੇ। ਜਿਸ ਨੂੰ ਨਸ਼ਾ ਛੁਡਾਊ ਕੇਂਦਰਾਂ ਵਿਖੇ ਭਰਤੀ ਕਰਵਾ ਕੇ ਉਸ ਦਾ ਮੁਫ਼ਤ ਇਲਾਜ ਕਰਵਾਇਆ ਜਾਵੇਗਾ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਨਸ਼ਿਆਂ ਦਾ ਧੰਦਾ ਕਰਨ ਵਾਲੇ ਵਿਅਕਤੀਆਂ ਵਿਰੁੱਧ ਖੁੱਲ ਕੇ ਪੁਲਿਸ ਨੂੰ ਇਤਲਾਹ ਦੇਣ। ਉਹਨਾਂ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਸਾਥ ਮੰਗਿਆ ਇਸ ਲੜੀ ਤਹਿਤ ਲੋਕਾਂ ਤੋਂ ਪੰਜਾਬ ਨੂੰ ਮੁੜ ਰੰਗਲਾ ਪੰਜਾਬ ਬਣਾਉਣ ਵਿੱਚ ਸਹਿਯੋਗ ਲਿਆ ਜਾਵੇਗਾ। ਇਸ ਦੌਰਾਨ, ਮੈਡੀਕਲ ਪ੍ਰੈਕਟੀਸ਼ਨਰ ਅਤੇ ਪਿੰਡ ਦੇ ਲੋਕਾਂ ਨੇ ਪ੍ਰਣ ਲਿਆ ਕਿ ਉਹ ਨਸ਼ਾ ਮੁਕਤੀ ਦੇ ਇਸ ਮਹਾਨ ਅਭਿਆਨ ਵਿੱਚ ਪੁਲਿਸ ਅਤੇ ਪ੍ਰਸ਼ਾਸਨ ਦਾ ਪੂਰਾ ਸਾਥ ਦੇਣਗੇ ਅਤੇ ਆਪਣੇ ਇਲਾਕੇ ਨੂੰ ਨਸ਼ਾ ਮੁਕਤ ਬਣਾਉਣ ਲਈ ਯਤਨਸ਼ੀਲ ਰਹਿਣਗੇ। ਸਰਬ ਸੰਮਤੀ ਨਾਲ ਡਾ ਦਾਰਾ ਸਿੰਘ ਸੀਨੀਅਰ ਉਪ ਪ੍ਰਧਾਨ, ਡਾ ਜਤਿੰਦਰ ਕੌਰ ਉਪ ਪ੍ਰਧਾਨ , ਅਤੇ ਡਾ ਸੀਮਾ ਰਾਣੀ ਨੂੰ ਉਪ ਜਨਰਲ ਸਕੱਤਰ ਚੁਣਿਆ ਗਿਆ ।ਸੈਮੀਨਾਰ ਵਿੱਚ ਸ਼ਾਮਿਲ ਹੋਏ ਸੂਬਾ ਕਮੇਟੀ ਦੇ ਚੇਅਰਮੈਨ ਡਾ ਦਿਲਦਾਰ ਸਿੰਘ ਚਾਹਲ ,ਤਹਿਸੀਲ ਬਲਾਚੌਰ ਪ੍ਰਧਾਨ ਡਾ ਤੇਜਿੰਦਰ ਸਿੰਘ ਜੋਤ, ਡਾ ਬਲਵੀਰ,ਡਾ ਰਸ਼ਪਾਲ ਸਿੰਘ,ਚੇਅਰਮੈਨ ਲਕਸ਼ਮੀ ਦਾਸ,ਬਗੀਚਾਸਿੰਘ,ਔਰਗਨਾਈਜ਼ਰ ਪਰਸ਼ੋਤਮ ਲਾਲ, , ਜਨਰਲ ਸਕੱਤਰ ਬਲਵੀਰ ਮਾਹੀ, ਖਜਾਨਚੀ ਡਾ ਜਸਵੀਰ ਸਿੰਘ, ਉਪ ਪ੍ਰਧਾਨ ਡਾ ਜੁਝਾਰ ਸਿੰਘ, ਪ੍ਰੈਸ ਸਕੱਤਰ ਡਾ ਗੁਰਬਖਸ਼, ਸਿੰਘ ਸ਼ਾਮਿਲ ਹੋਏ।





# ਪੰਜਾਬ ਕਬੱਡੀ ਸੀਜਨ ਦੀਆਂ ਤਿਆਰੀਆਂ ਸ਼ੁਰੂ

**ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਅੱਜ ਗੱਲ ਕਰਦੇ ਹਾਂ ਕਬੱਡੀ ਦੇ ਬਾਦਸ਼ਾਹ ਖਿਡਾਰੀ ਦੀ ਯਾਦਵਿੰਦਰ ਸਿੰਘ ਯਾਦਾ ਪ੍ਰਧਾਨ ਸਵ. ਲਾਈ ਢੇਸੀ ਪੰਜਾਬ ਯੂਨਾਇਟੇਡ ਕਬੱਡੀ ਫੈਡਰੇਸ਼ਨ ਜੋ ਨਵੀਂ ਹੋਂਦ ਵਿੱਚ ਆਈ ਹੈ ਇਸ ਸੰਸਥਾ ਵਿੱਚ ਬਹੁਤ ਵੱਡੇ ਵੱਡੇ ਪ੍ਰਮੋਟਰ ਤੇ ਖਿਡਾਰੀ ਹਨ ਸਭ ਤੋਂ ਵੱਡੀ ਗੱਲ ਇਹ ਆ ਪੁਰਾਣੇ ਖਿਡਾਰੀਆਂ ਨਾਲ ਨਵੇਂ ਮੁੰਡੇਆ ਨੂੰ ਪੂਰਾ ਖੁੱਲਕੇ ਮੌਕਾ ਮਿਲਦਾ ਹੈ ਇਸ ਫੈਡਰੇਸ਼ਨ ਵਿੱਚ ਪਾਲਾ ਜਲਾਲਪੁਰੀਆ ਦੁੱਲਾ ਬੱਗਾ ਪਿੰਡ ਅਰਸ਼ ਚੋਹਲਾ ਸਾਹਿਬ ਫਰਿਆਰ ਅਲੀ ਸ਼ਾਜੀ ਸ਼ਕਰਪੁਰ ਇੰਦਰਜੀਤ ਕਲਸੀਆਂ ਮੱਖਣ ਮੱਖੀ ਵਰਗੇ ਵੱਡੇ ਮੱਲ ਹਨ ਸ਼ਰਨੇ ਤਖਤੂਪੁਰਾ ਸਾਹਿਬ ਦੀ ਯਾਦੇ ਸੁਰਖਪੁਰ ਨਾਲ ਯਾਰੀ ਕਾਫੀ ਹੱਦ ਤੱਕ ਹੈ ਸਾਰੇ ਕਬੱਡੀ ਜਗਤ ਨੂੰ ਇਹ ਗੱਲ ਪਤਾ ਹੈ ਯਾਦੇ ਸੁਰਖਪੁਰ ਨੇ ਬਹੁਤ ਗਰੀਬ ਮੁੰਡਿਆਂ ਨੂੰ ਰੋਟੀ ਪਾਇਆ ਵਿਦੇਸ਼ ਦੇ ਟੂਰ ਲਵਾਏ ਹਨ ਇਸ ਸਾਲ ਇਸ ਨਵੀਂ ਫੈਡਰੇਸ਼ਨ ਵਿੱਚ ਬਹੁਤ ਸਾਰੇ ਵੱਡੇ ਮੱਲ ਮਿੱਤਰੋ ਆ ਰਹੇ ਹਨ ਪੂਰਾ ਸਵਾਦ ਆਊਗਾ ਦਰਸ਼ਕਾ ਨੂੰ ਮੈਚ ਦੇਖਣੇ ਦਾ ਤੇ ਸਾਰੀਆ ਟੀਮਾਂ ਇੱਕੋ ਜਿਹੀਆਂ ਬੈਲਸ ਹੋਣਗੀਆਂ ਬੱਸ ਸੀਜਨ ਸ਼ੁਰੂ ਆ ਦੇਖੋ ਐਤਕੀ ਕੇਹੜੀ ਟੀਮ ਫਸਟ ਪਜੀਸ਼ਨ ਹਾਸਲ ਕਰਦੀ ਆ ਤੇ ਪੂਰੇ ਸੀਜਨ ਦੇ ਬੈਸਟ ਜਾਫੀ ਤੇ ਰੇਡਰ ਨੂੰ ਬੁੱਲਟ ਮੋਟਰਸਾਈਕਲ ਪਿਛਲੇ ਸਾਲ ਦਿੱਤੇ ਗਏ ਤੇ ਐਤਕੀ ਦੇਖੋ ਕੀ ਬਣਦਾ ਵਾਹਿਗੁਰੂ ਸਾਰੇ ਪ੍ਰਮੋਟਰ ਤੇ ਕਬੱਡੀ ਜਗਤ ਤੇ ਮੇਹਰ ਰੱਖੇ ਕਬੱਡੀ ਜਿੰਦਾਬਾਦ ਰਹੇ ਸ਼ਰਨਾ ਤਖਤੂਪੁਰੀਆ ਯਾਦਾ ਸਰਪੰਚ ਸੁਰਖਪੁਰੀਆ ਸਰਨਾ ਤਖਤੂਪੁਰੀਆ







**ਹਰਜਿੰਦਰ ਪਾਲ ਛਾਬੜਾ**
**ਪੱਤਰਕਾਰ ਨਕੋਦਰ ਮਹਿਤਪੁਰ**
**9876038332=9592282333**

# ਪੰਜਾਬ ਯੂਨੀਵਰਸਿਟੀ ਲਈ ਸੰਘਰਸ਼ ਕਰ ਰਹੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਸਮਰਥਕਾਂ ਦੇ ਨਾਂ: ਭੁਪਿੰਦਰ ਸਿੰਘ

ਦੋਸਤੋ! ਸੈਨੇਟ ਭੰਗ ਕਰਨ ਦੇ ਫੈਸਲੇ ਨੂੰ ਵਾਪਿਸ ਕਰਵਾ ਕੇ ਤੁਸੀਂ ਇੱਕ ਇਤਿਹਾਸਕ ਕੰਮ ਕੀਤਾ ਹੈ। ਇਹ ਯਾਦ ਰੱਖਿਆ ਜਾਵੇਗਾ ਕਿ ਜਦੋਂ ਦੂਜੇ ਪਾਸੇ ਕੇਂਦਰ ਸਰਕਾਰ ਤੇ ਯੂਨੀਵਰਸਿਟੀ ਦੀ ਪੂਰੀ ਪੰਜਾਬ-ਵਿਰੋਧੀ ਲਾਬੀ ਸੀ; ਪੰਜਾਬ ਦਾ ਮੁੱਖਮੰਤਰੀ ਤਰਨ ਤਾਰਨ ਚੋਣ ਲਈ ਚੁਟਕਲੇ ਘੜਨ ਵਿੱਚ ਵਿਅਸਤ ਸੀ ਤੇ ਸਾਰੀ ਪੰਜਾਬ ਸਿਆਸਤ ਫੋਕੇ ਬਿਆਨ ਦਾਗ ਰਹੀ ਸੀ, ਇਹ ਤੁਸੀਂ ਸੀ ਜਿਨ੍ਹਾਂ ਨੇ ਪੰਜਾਬ ਦੇ ਇੱਕ ਵੱਡੇ ਹੱਕ ਲਈ ਲੜਾਈ ਲੜੀ ਤੇ ਜਿੱਤ ਪ੍ਰਾਪਤ ਕੀਤੀ।

ਪਰ ਅੱਜ ਦੇ ਵਿਰੋਧ ਪ੍ਰਦਰਸ਼ਨ ਲਈ ਤੁਹਾਨੂੰ ਬਹੁਤ ਗੰਭੀਰਤਾ ਨਾਲ ਕੰਮ ਕਰਨ ਦੀ ਲੋੜ ਹੈ। ਅੱਜ ਯੂਨੀਵਰਸਿਟੀ ਪ੍ਰਸ਼ਾਸਨ ਦੇ ਲਈ ਨਹੀਂ, ਤੁਹਾਡੇ ਲਈ ਪ੍ਰੀਖਿਆ ਦੀ ਘੜੀ ਹੈ। ਅੱਜ ਨਾ ਤੁਸੀਂ ਸਿਰਫ਼ ਸ਼ਾਂਤ ਰਹਿਣਾ ਹੈ ਸਗੋਂ ਇਸ ਗੱਲ ਦੀ ਵੀ ਪੂਰੀ ਚੌਕਸੀ ਰੱਖਣੀ ਹੈ ਕਿ ਕੋਈ ਸ਼ਰਾਰਤ ਨਾ ਹੋ ਜਾਵੇ। ਪੱਥਰਬਾਜ਼ੀ ਜਾਂ ਧੱਕਾ-ਮੁੱਕੀ ਤਾਂ ਦੂਰ ਦੀ ਗੱਲ, ਅੱਜ ਤੁਹਾਨੂੰ ਕਿਸੇ ਯੂਨੀਵਰਸਿਟੀ ਅਧਿਕਾਰੀ ਜਾਂ ਪੁਲਿਸ ਵਾਲੇ ਨਾਲ ਬਹਿਸ ਵਿੱਚ ਵੀ ਪੈਣ ਤੋਂ ਗੁਰੇਜ ਕਰਨਾ ਚਾਹੀਦਾ ਹੈ। ਇਹ ਅਤੀਤ ਦੇ ਅਨੁਭਵ ਹਨ, ਸੰਘਰਸ਼ਸ਼ੀਲ ਵਿਦਿਆਰਥੀਆਂ ਨੂੰ ਝੂਠੇ ਕੇਸਾਂ ਵਿੱਚ ਫਸਾਉਣ ਲਈ ਅਨੇਕ ਵਾਰ ਉਨ੍ਹਾਂ ਨੂੰ ਭੜਕਾਇਆ ਅਤੇ ਉਕਸਾਇਆ ਜਾਂਦਾ ਹੈ। ਤੁਸੀਂ ਜੇਤੂ ਹੋ ਤੇ ਜੇਤੂਆਂ ਦੀ ਪਛਾਣ ਉਨ੍ਹਾਂ ਦਾ ਸਲੀਕਾ ਅਤੇ ਨਿਮਰਤਾ ਹੁੰਦੀ ਹੈ। ਤੁਸੀਂ ਸਾਡੇ ਭਵਿੱਖ ਦੇ ਆਗੂ ਹੋ ਤੇ ਕੱਲ ਤੁਸੀਂ ਇਹ ਸਾਬਿਤ ਕਰਨਾ ਹੈ, ਤੁਸੀਂ ਕੋਈ ਹੁੱਲੜਬਾਜ਼ ਨਹੀਂ। ਸਗੋਂ ਪੰਜਾਬ ਦੇ ਮਸਲਿਆਂ ਨੂੰ ਸਮਝ ਕੇ ਉਨ੍ਹਾਂ ਬਾਰੇ ਠੋਸ ਨੀਤੀਆਂ ਬਣਾ ਕੇ ਅੱਗੇ ਵਧਣ ਵਾਲੇ ਨੌਜਵਾਨ ਹੋ। ਜੋਸ਼ ਦਾ ਪ੍ਰਮਾਣ ਤਾਂ ਤੁਸੀਂ ਦੇ ਚੁੱਕੇ ਹੋ। ਅੱਜ ਤੁਸੀਂ ਬੇਮਿਸਾਲ ਹੋਸ਼ ਦਾ ਪ੍ਰਮਾਣ ਦੇਣਾ ਹੈ। ਬਿਨਾ ਸ਼ੱਕ ਯੂਨੀਵਰਸਿਟੀ ਪ੍ਰਸ਼ਾਸਨ ਨੇ ਗੇਟ ਅਤੇ ਐਂਟਰੀਆਂ ਬੰਦ ਕਰ ਕੇ ਵੱਡੀ ਗਲਤੀ ਕੀਤੀ ਹੈ ਪਰ ਤੁਸੀਂ ਜਵਾਬੀ ਗਲਤੀ ਨਾ ਹੀ ਕਰੋ ਤਾਂ ਚੰਗਾ ਹੈ। ਸਮਝੋ,



ਯੂਨੀਵਰਸਿਟੀ ਦੇ ਪ੍ਰਸ਼ਾਸਨ ਵਿੱਚ ਬਹੁਤੇ ਸਿਫਾਰਸ਼ੀ ਤੇ ਜੀ-ਹਜ਼ੂਰੀਏ ਲੋਕ ਹਨ, ਜਿਨ੍ਹਾਂ ਨੂੰ ਅਜਿਹੇ ਅੰਦੋਲਨ ਸੰਭਾਲਣ ਦੀ ਕੋਈ ਸਮਝ ਨਹੀਂ। ਉਹ ਘਬਰਾਏ ਹੋਏ ਹਨ ਤੇ ਘਬਰਾਇਆ ਹੋਈ ਵਿਰੋਧੀ ਸਦਾ ਗਲਤ ਫੈਸਲੇ ਲੈਂਦਾ ਹੈ। ਉਹ ਇਹੀ ਕਰ ਰਹੇ ਹਨ।

ਇਹ ਵੀ ਯਾਦ ਰੱਖਣਾ ਕਿ ਯੂਨੀਵਰਸਿਟੀ ਦੇ ਬਹੁਤੇ ਅਹੁਦਿਆਂ ਉੱਤੇ ਨਾਰੀ-ਅਧਿਆਪਕ ਹਨ। ਸ਼ਾਇਦ ਉਹੀ ਤੁਹਾਨੂੰ ਗੇਟਾਂ ਜਾਂ ਹੋਰ ਦਫਤਰਾਂ ਦੇ ਬਾਹਰ ਮਿਲਣ। ਤੁਹਾਡੀ ਉਨ੍ਹਾਂ ਪ੍ਰਤੀ ਜਰਾ ਜਿੰਨੀ ਵੀ ਗਲਤ ਭਾਸ਼ਾ ਵੱਡੀਆਂ ਖਬਰਾਂ ਬਣੇਗਾ, ਜੋ ਇਸ ਸੰਘਰਸ਼ ਲਈ ਬਿਲਕੁਲ ਵੀ ਠੀਕ ਨਹੀਂ ਹੋਣਾ। ਸੋ ਇੱਕ ਪਲ ਲਈ ਵੀ ਉਨ੍ਹਾਂ ਦਾ ਸਤਿਕਾਰ ਨਾ ਛੱਡਣਾ। ਜੇ ਤੁਸੀਂ ਮੰਨਦੇ ਹੋ ਕਿ ਇਹ ਯੂਨੀਵਰਸਿਟੀ ਤੁਹਾਡੀ ਹੈ ਤਾਂ ਫਿਰ ਇਸ ਦੇ ਮਹੌਲ ਨੂੰ ਸ਼ਾਂਤ ਰੱਖਣਾ ਵੀ ਤੁਹਾਡੀ ਜਿੰਮੇਵਾਰੀ ਹੈ।

ਅੱਜ ਤੁਹਾਡਾ ਸਭ ਤੋਂ ਵੱਡਾ ਪੈਂਤੜਾ ਇਹ ਹੋਣਾ ਚਾਹੀਦਾ ਹੈ ਕਿ ਘੱਟੋ-ਘੱਟ ਤੁਹਾਡੇ 30 ਸਾਥੀਆਂ ਦੀ ਟੀਮ ਸਿਰਫ਼ ਕੱਲ ਦੇ ਸਾਰੇ ਪ੍ਰਦਰਸ਼ਨ ਦੀ ਵੀਡੀਓਗ੍ਰਾਫੀ ਕਰੇ। ਅੱਜ ਤੱਕ ਕੋਈ ਨਹੀਂ ਜਾਣਦਾ ਕਿ ਪ੍ਰੋ. ਅਰੁਣ ਗਰੋਵਰ ਦੇ ਸਮੇਂ ਹੋਈ ਪੱਥਰਬਾਜ਼ੀ ਵਿੱਚ ਪਹਿਲੇ ਪੱਥਰ ਕਿਸ ਨੇ ਮਾਰੇ ਪਰ ਅੱਜ ਤੱਕ ਅਨੇਕ ਪੜ੍ਹਨ-ਲਿਖਣ ਵਾਲੇ ਵਿਦਿਆਰਥੀ ਕੋਰਟਾਂ ਦੇ ਚੱਕਰ ਕੱਟ ਰਹੇ ਹਨ। ਖਾਸ ਤੌਰ ਤੇ ਪਿਆਰੇ ਅਸ਼ਮੀਤ, ਅਮਨ ਅਤੇ ਹੋਰ ਬੋਲਣ ਵਾਲੇ ਵਿਦਿਆਰਥੀ ਆਗੂਓ ਨੂੰ ਸਾਵਧਾਨ ਰਹਿਣ ਦੀ ਲੋੜ ਹੈ। ਨੋਟੀਫਿਕੇਸ਼ਨ ਰੱਦ ਹੋਣ ਤੋਂ ਬੁਖਲਾਇਆ ਯੂਨੀਵਰਸਿਟੀ ਦਾ ਪੰਜਾਬ-ਵਿਰੋਧੀ ਲਾਣਾ ਜਰੂਰ ਤੁਹਾਡੇ ਤੋਂ ਸੜਿਆ ਬੈਠਾ ਹੋਵੇਗਾ। ਉਹ ਜਰੂਰ ਕੋਈ ਸਾਜਿਸ਼ ਕਰਨਾ ਚਾਹੇਗਾ। ਇਸ ਲਈ ਆਪ ਸੰਭਲ ਕੇ ਰਹਿਣਾ ਤੇ ਪੂਰੇ ਸੰਘਰਸ਼ ਨੂੰ ਸੰਭਾਲ ਕੇ ਰੱਖਣਾ।

ਪੰਜਾਬ ਤੋਂ ਸੰਘਰਸ਼ ਲਈ ਜਾਣ ਵਾਲੇ ਸਾਥੀਆਂ ਨੂੰ ਵੀ ਅਪੀਲ ਹੈ, ਉਹ ਵੀ ਉਸੇ ਤਹੰਮਲ ਤੋਂ ਕੰਮ ਲੈਣ, ਜਿਸ ਨਾਲ ਅਸੀਂ ਦਿੱਲੀ ਦਾ ਅੰਦੋਲਨ ਜਿੱਤਿਆ। ਉਨ੍ਹਾਂ ਦਾ ਜਰਾ ਜਿੰਨਾ ਤੱਤਾ ਪ੍ਰਤੀਕਰਮ ਇਨ੍ਹਾਂ ਵਿਦਿਆਰਥੀਆਂ ਲਈ ਵੱਡੇ ਸੰਕਟ ਖੜੇ ਕਰ ਸਕਦਾ ਹੈ।

# ਪੰਜਾਬ ਯੂਨੀਵਰਸਿਟੀ ਦੇ ਸੰਘਰਸ਼ ਦੀ ਕਵਰੇਜ ਕਰ ਰਹੇ ਪੱਤਰਕਾਰਾਂ 'ਤੇ ਚੰਡੀਗੜ੍ਹ ਪੁਲਿਸ ਦਾ ਹਮਲਾ ਸ਼ਰਮਨਾਕ ਕਾਰਾ : ਬਲਵੀਰ ਸੈਣੀ

## ਪੱਤਰਕਾਰਾਂ ਉੱਪਰ ਚੱਲੇ ਦਮਨਚੱਕਰ ਦਾ "ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਪੰਜਾਬ ਆਫ ਇੰਡੀਆ" ਨੇ ਲਿਆ ਸਖ਼ਤ ਨੋਟਿਸ

**ਹੁਸ਼ਿਆਰਪੁਰ, ( ਤਰਸੇਮ ਦੀਵਾਨਾ )** - ਪੰਜਾਬ ਯੂਨੀਵਰਸਿਟੀ ਦੇ ਵਿਦਿਆਰਥੀ ਸੰਘਰਸ਼ ਦੀ ਜ਼ਮੀਨੀ ਪੱਧਰ 'ਤੇ ਕਵਰੇਜ ਕਰ ਰਹੇ ਪੱਤਰਕਾਰਾਂ 'ਤੇ ਚੰਡੀਗੜ੍ਹ ਪੁਲਿਸ ਵੱਲੋਂ ਕੀਤਾ ਗਿਆ ਹਮਲਾ ਅਤੇ ਬਦਸਲੂਕੀ ਨਾ ਸਿਰਫ਼ ਆਜ਼ਾਦ ਮੀਡੀਆ 'ਤੇ ਸਿੱਧਾ ਹਮਲਾ ਹੈ, ਬਲਕਿ ਲੋਕਤੰਤਰ ਦੇ ਮੁੱਢਲੇ ਅਧਿਕਾਰਾਂ ਦਾ ਵੀ ਘਾਣ ਹੈ। ਇਹ ਵਿਚਾਰ ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ( ਰਜਿ.) ਪੰਜਾਬ ਆਫ ਇੰਡੀਆ ਦੇ ਸੂਬਾ ਪ੍ਰਧਾਨ ਪ੍ਰਿੰਸੀਪਲ ਬਲਵੀਰ ਸਿੰਘ ਸੈਣੀ,ਕੌਮੀ ਜਨਰਲ ਸਕੱਤਰ ਵਿਨੋਦ ਕੌਸ਼ਲ, ਕੌਮੀ ਜੁਆਇੰਟ ਸਕੱਤਰ ਤਰਸੇਮ ਦੀਵਾਨਾ, ਸੂਬਾ ਵਾਈਸ ਚੇਅਰਮੈਨ ਗੁਰਬਿੰਦਰ ਸਿੰਘ ਪਲਾਹਾ ਨੇ ਸਾਂਝੇ ਤੌਰ 'ਤੇ ਪ੍ਰਗਟ ਕਰਦਿਆਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਅਤੇ ਆਰਐੱਸ ਐੱਸ ਦੇ ਇਸ਼ਾਰੇ 'ਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਵਿਦਿਆਰਥੀਆਂ ਵੱਲੋਂ ਵਿੱਢੇ ਸੰਘਰਸ਼ ਦੀ ਜਮੀਨੀ ਤੌਰ 'ਤੇ ਕਵਰੇਜ ਕਰ ਰਹੇ ਪੱਤਰਕਾਰਾਂ ਉੱਪਰ ਚੱਲੇ ਇਸ ਦਮਨ ਚੱਕਰ ਦੀ ਸਮੂਹ ਪੱਤਰਕਾਰ ਭਾਈਚਾਰੇ ਵੱਲੋਂ "ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਪੰਜਾਬ ਆਫ ਇੰਡੀਆ" ਸਖਤ ਨਿਖੇਧੀ ਕਰਦੀ ਹੈ । ਆਗੂਆਂ ਨੇ ਕਿਹਾ ਕਿ ਮੀਡੀਆ ਲੋਕਤੰਤਰ ਦਾ ਚੌਥਾ ਅਜਿਹਾ ਥੰਮ ਹੈ ਅਤੇ ਪੱਤਰਕਾਰ ਉਹ ਜ਼ਰੀਆ ਅਤੇ ਪੁਲ ਹਨ ਜਿਨ੍ਹਾਂ ਰਾਹੀਂ ਸੱਚ ਲੋਕਾਂ ਤੱਕ ਪਹੁੰਚਦਾ ਹੈ। ਜਦ ਇਹਨਾਂ ਲੋਕਤੰਤਰਿਕ ਪੁਲਾਂ ਨੂੰ ਸੱਤਾਧਾਰੀਆਂ ਦੇ ਇਸ਼ਾਰਿਆਂ 'ਤੇ ਤੋੜਿਆ ਜਾਂਦਾ ਹੈ, ਤਾਂ ਰਾਜ ਪ੍ਰਬੰਧ ਦੀ ਨਿਯਤ 'ਤੇ ਵੱਡੇ ਸਵਾਲ ਖੜ੍ਹੇ ਹੁੰਦੇ ਹਨ ਅਤੇ ਖੋਖਲੇ ਰਾਜ ਪ੍ਰਬੰਧਾਂ ਦੀਆਂ ਨੀਹਾਂ ਹਿੱਲ ਜਾਂਦੀਆਂ ਹਨ । ਪੁਲਿਸ ਦਾ ਕੰਮ ਅਮਨ ਕਾਨੂੰਨ-ਵਿਵਸਥਾ ਨੂੰ ਬਰਕਰਾਰ ਰੱਖਣਾ ਹੈ, ਸੱਚ ਨੂੰ ਦਬਾਉਣਾ ਨਹੀਂ। ਜਿਹੜੇ ਪੱਤਰਕਾਰ ਆਪਣੀ ਡਿਊਟੀ ਨਿਭਾਂਦੇ ਹੋਏ ਮੌਕੇ 'ਤੇ ਮੌਜੂਦ ਸਨ, ਉਹਨਾਂ ਨਾਲ ਧੱਕਾਮੁੱਕੀ, ਕੈਮਰੇ ਤੋੜਨਾ, ਗਾਲ੍ਹਾਂ



ਕੱਢਣਾ ਅਤੇ ਡਰਾਉਣਾ-ਧਮਕਾਉਣਾ ਕਿਸੇ ਵੀ ਤਰ੍ਹਾਂ ਕਬੂਲਯੋਗ ਨਹੀਂ। ਇਸ ਤਰ੍ਹਾਂ ਦੀ ਕਾਰਵਾਈ ਅਧਿਕਾਰੀਆਂ ਦੀ ਬੇਲਗਾਮੀ ਨੂੰ ਬੇਨਕਾਬ ਕਰਦੀ ਹੈ ਅਤੇ ਇਹ ਦਰਸਾਉਂਦੀ ਹੈ ਕਿ ਪ੍ਰਸ਼ਾਸਨ ਸੰਘਰਸ਼ ਦੀ ਹਕੀਕਤ ਨੂੰ ਕੈਮਰੇ 'ਚ ਆਉਣ ਨਹੀਂ ਦੇਣਾ ਚਾਹੁੰਦਾ। ਇੱਕ ਪੱਕੇ ਲੋਕਤੰਤਰ ਵਿੱਚ ਮੀਡੀਆ ਦੀ ਆਜ਼ਾਦੀ ਰਾਜ ਦੀ ਤਾਕਤ ਨੂੰ ਸੰਤੁਲਿਤ ਰੱਖਦੀ ਹੈ। ਜਦੋਂ ਸਰਕਾਰੀ ਏਜੰਸੀਆਂ ਪੱਤਰਕਾਰਾਂ ਨੂੰ ਹੀ ਨਿਸ਼ਾਨਾ ਬਣਾਉਣ ਲੱਗ ਜਾਣ, ਸਮਾਜ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਅਸਲ ਖਤਰਾ ਕਿੱਥੇ ਹੈ। ਵਿਦਿਆਰਥੀਆਂ ਦੀਆਂ ਅਵਾਜ਼ਾਂ ਨੂੰ ਦਬਾਉਣਾ ਅਤੇ ਮੀਡੀਆ ਨੂੰ ਚੁੱਪ ਕਰਾਉਣਾ ਤੁਗਲਕੀ ਨੀਤੀਆਂ ਦੀ ਨਿਸ਼ਾਨੀ ਹੈ। ਆਗੂਆਂ ਨੇ ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਪੰਜਾਬ ਆਫ ਇੰਡੀਆ ਵੱਲੋਂ ਕੇਂਦਰ ਸਰਕਾਰ ਪਾਸੋਂ ਮੰਗ ਕੀਤੀ ਕਿ ਚੰਡੀਗੜ੍ਹ ਪੁਲਿਸ ਨੂੰ ਆਪਣੇ ਵਿਹਾਰ ਲਈ ਜਵਾਬਦੇਹ ਬਣਾਇਆ ਜਾਣਾ ਚਾਹੀਦਾ ਹੈ। ਪੰਜਾਬ ਯੂਨੀਵਰਸਿਟੀ ਵਿੱਚ ਵਾਪਰੀ ਇਸ ਮੰਦ ਭਾਗੀ ਘਟਨਾ ਦੀ ਨਿਰਪੱਖ ਜਾਂਚ, ਦੋਸ਼ੀਆਂ 'ਤੇ ਕਾਰਵਾਈ ਅਤੇ ਮੀਡੀਆ ਸਟਾਫ਼ ਦੀ ਸੁਰੱਖਿਆ ਲਈ ਸਪਸ਼ਟ ਨੀਤੀਆਂ ਲਾਗੂ ਕੀਤੀਆਂ ਜਾਣੀਆਂ ਬੇਹੱਦ ਲਾਜ਼ਮੀ ਹਨ। ਇਹ ਹਮਲਾ ਕੇਵਲ ਪੱਤਰਕਾਰਾਂ 'ਤੇ ਹੀ ਨਹੀਂ ਸਗੋਂ ਸੱਚ 'ਤੇ ਹਮਲਾ ਹੈ ਅਤੇ ਸੱਚ ਨੂੰ ਦਬਾਉਣਾ ਕਦੇ ਵੀ ਸੱਤਾ ਦੇ ਹੱਕ 'ਚ ਨਹੀਂ ਜਾ ਸਕਦਾ। ਉਹਨਾਂ ਕੇਂਦਰ ਸਰਕਾਰ ਅਤੇ ਸੂਬਾ ਸਰਕਾਰ ਦੀਆਂ ਦਮਨਕਾਰੀ ਨੀਤੀਆਂ ਦੀਆਂ ਆਲੋਚਨਾ ਕਰਦਿਆਂ ਚੇਤਾਵਨੀ ਦਿੱਤੀ ਕਿ ਜੇਕਰ ਹਾਲਾਤ ਤੇ ਕਾਬੂ ਨਾ ਪਾਇਆ ਗਿਆ ਤਾਂ ਮੰਨ ਲਿਆ ਜਾਵੇਗਾ ਕਿ ਸਰਕਾਰ ਖੁਦ ਨੇਪਾਲ ਵਾਲੀ ਸਮੱਸਿਆ ਪੈਦਾ ਕਰ ਰਹੀ ਹੈ ਜੋ ਸਰਕਾਰ ਅਤੇ ਲੋਕ ਹਿੱਤ ਵਿੱਚ ਨਹੀਂ ।

# ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ 350ਵੇਂ ਸ਼ਹੀਦੀ ਦਿਵਸ ਸਬੰਧੀ ਬਲਾਕ ਪੱਧਰੀ ਭਾਸ਼ਣ ਮੁਕਾਬਲੇ ਸਫਲਤਾਪੂਰਵਕ ਕਰਵਾਏ ਗਏ

**ਸ੍ਰੀ ਮੁਕਤਸਰ ਸਾਹਿਬ।** ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਵੇਂ ਸ਼ਹੀਦੀ ਦਿਵਸ ਸਬੰਧੀ ਮਨਾਏ ਜਾ ਰਹੇ ਲੜੀਵਾਰ ਸਮਾਗਮਾਂ ਹੇਠ ਪੰਜਾਬ ਸਕੂਲ ਸਿੱਖਿਆ ਵਿਭਾਗ ਅਤੇ ਜਸਪਾਲ ਮੋਂਗਾ ਜ਼ਿਲ੍ਹਾ ਸਿੱਖਿਆ ਅਫ਼ਸਰ, ਰਾਜਿੰਦਰ ਕੁਮਾਰ ਸੋਨੀ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀ ਮੁਕਤਸਰ ਸਾਹਿਬ ਦੀ ਯੋਗ ਅਗਵਾਈ ਅਤੇ ਦਿਸ਼ਾ-ਨਿਰਦੇਸ਼ਾਂ ਅਤੇ ਬੀਐਨਓ ਸਹਿਬਾਨ ਦੀ ਯੋਗ ਰਹਿਨੁਮਾਈ ਹੇਠ ਬਲਾਕ ਪੱਧਰੀ ਭਾਸ਼ਣ ਮੁਕਾਬਲੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਵੱਖ-ਵੱਖ ਬਲਾਕਾਂ ਵਿੱਚ ਸਫਲਤਾਪੂਰਵਕ ਕਰਵਾਏ ਗਏ। ਜ਼ਿਲ੍ਹਾ ਨੋਡਲ ਅਫ਼ਸਰ ਜਸਵਿੰਦਰ ਪਾਲ ਸ਼ਰਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹਨਾਂ ਮੁਕਾਬਲਿਆਂ ਵਿੱਚ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੇ ਵੱਡੇ ਉਤਸ਼ਾਹ ਨਾਲ ਭਾਗ ਲਿਆ। ਵਿਦਿਆਰਥੀਆਂ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ, ਬਲਿਦਾਨ ਅਤੇ ਮਨੁੱਖਤਾ ਪ੍ਰਤੀ ਉਨ੍ਹਾਂ ਦੇ ਸੰਦੇਸ਼ ਨੂੰ ਆਪਣੇ ਭਾਸ਼ਣ ਰਾਹੀਂ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਸਤੁਤ ਕੀਤਾ। ਜਿਲ੍ਹਾ ਸਿੱਖਿਆ ਅਫ਼ਸਰ ਜਸਪਾਲ ਮੋਂਗਾ ਨੇ ਕਿਹਾ ਕਿ




ਇਸ ਮੁਕਾਬਲੇ ਦਾ ਮਕਸਦ ਵਿਦਿਆਰਥੀਆਂ ਵਿੱਚ ਸਿਖ ਪਰੰਪਰਾ, ਸੱਭਿਆਚਾਰ ਅਤੇ ਮਹਾਨ ਗੁਰੂ ਸਾਹਿਬਾਨ ਦੀਆਂ ਸਿਖਿਆਵਾਂ ਪ੍ਰਤੀ ਜਾਣਕਾਰੀ ਦੇਣਾ ਅਤੇ ਪ੍ਰੇਰਨਾ ਪੈਦਾ ਕਰਨਾ ਹੈ। ਉਨ੍ਹਾਂ ਨੇ ਵਿਦਿਆਰਥੀਆਂ ਦੇ ਉਤਸ਼ਾਹ ਅਤੇ ਅਧਿਆਪਕਾਂ ਦੀ ਭੂਮਿਕਾ ਦੀ ਵੀ ਪ੍ਰਸ਼ੰਸਾ ਕੀਤੀ। ਇਸ ਮੌਕੇ ਬਲਾਕ ਪੱਧਰੀ ਭਾਸ਼ਣ ਮੁਕਾਬਲੇ ਵਿੱਚੋਂ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਮੁਕਾਬਲੇ ਵਿੱਚ ਬਲਾਕ ਪੱਧਰ ਤੇ ਪਹਿਲੇ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਗੌਰਤਲਬ ਹੈ ਕਿ ਇਸ ਬਲਾਕ ਪੱਧਰੀ ਭਾਸ਼ਣ ਮੁਕਾਬਲੇ ਵਿੱਚੋਂ ਪਹਿਲਾ ਸਥਾਨ ਹਾਸਿਲ ਕਰਨ ਵਾਲੇ ਵਿਦਿਆਰਥੀ ਜ਼ਿਲ੍ਹਾ ਪੱਧਰ 'ਤੇ ਹੋਣ ਵਾਲੇ ਮੁਕਾਬਲੇ ਵਿੱਚ ਭਾਗ ਲੈਣਗੇ।

# ਛੋਟੀ ਈ ਕੀ ਮਾਤਰਾ ਬੜੀ ਜਾਂ ਇੰਦਰ?

"ਮਿੱਠੀ ਧੁੰਨ ਰਬਾਬ ਦੀ
ਪੰਜਾਬ ਯੂਨੀਵਰਸਿਟੀ ਪੰਜਾਬ ਦੀ।"

ਸ਼ੁੱਧ ਸ਼ਬਦ ਜੋੜ ਲਿਖਣ ਲਈ ਪਹਿਲੀ ਪੰਕਤੀ 'ਚ 'ਧ' ਉਪਰ ਟਿੱਪੀ' ਨਹੀਂ ਸੀ ਪੈਣੀ ਚਾਹੀਦੀ।

ਇਸ ਤੇ ਗੱਲ ਕਰਨ ਤੋਂ ਪਹਿਲਾਂ ਇੱਕ ਸੁਣੀ-ਸੁਣਾਈ ਗੱਲ ਯਾਦ ਆ ਗਈ।ਪਹਿਲਾਂ ਉਹ ਸੁਣੋ।ਕਿਸੇ ਸਕੂਲ 'ਚ ਇੰਦਰ ਸਿੰਘ ਨਾਂ ਦਾ ਵਿਆਕਤੀ ਅਧਿਆਪਕ ਸੀ।ਉਹ ਇੱਕ ਦਿਨ ਸਕੂਲ ਆਏ ਤੇ ਆਪਣੀ ਹਾਜ਼ਰੀ ਲਾਉਣੀ ਭੁੱਲ ਗਏ ਤੇ ਬੱਚਿਆਂ ਦੀ ਪੜ੍ਹਾਈ-ਲਿਖਾਈ 'ਚ ਰੁੱਝ ਗਏ। ਐਨੇ ਨੂੰ ਕੋਈ ਅਧਿਕਾਰੀ ਸਕੂਲ ਚੈਕਿੰਗ ਲਈ ਆ ਗਿਆ। ਕਿਉਂਕਿ ਅਧਿਕਾਰੀ ਤਾਂ ਪੜ੍ਹਾਈ-ਲਿਖਾਈ ਥੋੜ੍ਹਾ ਦੇਖਦੇ ਹੁੰਦੇ ਆ।ਉਹਨਾਂ ਨੂੰ ਹਾਜ਼ਰੀ ਯਕੀਨੀ ਚਾਹੀਦਾ ਐ।ਕਹਿੰਦਾ ਇੰਦਰ ਸਿਆਂ ਹਾਜ਼ਰੀ ਨਹੀਂ ਲਗਾਈ।

ਮਾਸਟਰ ਜੀ ਕਹਿੰਦੇ, "ਜਨਾਬ ਛੋਟੀ ਈ ਕਈ ਮਾਤਰਾ ਬੜੀ ਜਾਂ ਇੰਦਰ?"

ਪਰ ਇੱਥੇ ਵੀ ਸੋਚਣ ਵਾਲੀ ਗੱਲ ਇਹ ਸੀ ਕਿ ਕੀ ਯੂਨੀਵਰਸਿਟੀ ਦਾ ਮਸਲਾ ਵੱਡਾ ਹੈ ਜਾਂ ਟਿੱਪੀ ?? ਟਿੱਪੀ ਦੀ ਗਲਤੀ ਪੋਸਟਰ/ਬੈਨਰ ਛਾਪਣ ਸਮੇਂ ਪ੍ਰੈੱਸ ਤੋਂ ਵੀ ਸਕਦੀ ਹੈ।ਸਲੋਗਨ ਲਿਖ ਕੇ ਭੇਜਣ ਵਾਲੇ ਤੋਂ ਵੀ।

ਹੁਣ ਇਹ ਟਿੱਪੀ ਦਾ ਮਸਲਾ ਸਾਡੇ ਵਿਦਵਾਨਾਂ ਦੀ ਨਜ਼ਰ ਪੈ ਗਿਆ।ਹੁਣ ਕਈ ਦਿਨ ਮਧਾਣੀ ਗਿੜਦੀ ਰਹਿਣੀ ਆ।

ਟਿੱਪੀ ਦੀ ਗਲਤੀ ਬਾਰੇ ਕਈ ਗੱਲਾਂ ਸੋਚਣ ਵਾਲੀਆਂ ਹਨ।ਕੀ ਦਰੁਸਤ ਪੋਸਟਰ/ਬੈਨਰ ਦੁਬਾਰਾ ਛਾਪਣ/ਛਪਾਉਣ ਦਾ ਵਕਤ ਸੀ?? ਕੀ ਵਿਦਿਆਰਥੀਆਂ ਕੋਲ ਲੋੜੀਦਾ ਸਮਾਂ ਤੇ ਵਿੱਤੀ ਸਾਧਨ ਸਨ?? ਕੀ ਉਹਨਾਂ ਨੂੰ ਆਪਣੀ ਗਲਤੀ ਦਾ ਅਹਿਸਾਸ ਹੈ ਜਾਂ ਨਹੀਂ ? ਜਾਂ ਯੂਨੀਵਰਸਿਟੀ ਦਾ ਮਸਲਾ ਵੱਡਾ ਹੋਣ ਕਾਰਨ ਟਿੱਪੀ ਅਣ-ਗਾਉਲੀ ਰਹਿ ਗਈ?? ਜਾਂ ਉਹਨਾਂ ਨੂੰ ਸ਼ੁੱਧ ਪੰਜਾਬੀ ਸ਼ਬਦ ਜੋੜ ਦਾ ਗਿਆਨ ਨਹੀਂ। ਸੋ ਭਰਾਵੋ,ਇਹ ਸ਼ਬਦ ਜੋੜ ਵਿਚਲੀ ਗਲਤੀ ਵਿਦਵਾਨਾਂ ਨੂੰ ਤਾਂ ਛੱਡੋ ਪ੍ਰਾਇਮਰੀ ਪੱਧਰ ਦੇ ਕਿਸੇ ਚੰਗੇ ਉਸਤਾਦ ਦੇ ਚੰਗੇ ਹੋਏ ਜਵਾਕ ਵੀ ਫੜ ਸਕਦੇ ਹਨ।ਵਿਦਵਾਨਾਂ ਨੂੰ ਦਿਲ ਵੱਡਾ ਕਰਕੇ ਪਹਿਲਾਂ ਵੱਡੇ ਮਸਲੇ ਬਾਰੇ ਸੋਚਣਾ ਚਾਹੀਦਾ ਹੈ।ਜੇ ਉਹਨਾਂ ਨੂੰ ਵਕਤ ਮਿਲਦਾ ਤਾਂ ਇਧਰੋਂ-ਉਧਰੋਂ ਪ੍ਰਬੰਧਕਾਂ ਦੇ ਫੋਨ ਨੰਬਰ ਲੈ ਕੇ ਉਹਨਾਂ ਨੂੰ ਪਿਆਰ ਨਾਲ ਗ਼ਲਤੀ ਦਾ ਅਹਿਸਾਸ ਕਰਵਾ ਦਿੰਦੇ ਤੇ ਨਾਲ ਹੀ ਅੱਗੇ ਤੋਂ ਆਪਣੀਆਂ ਸੇਵਾਵਾਂ ਸ਼ੁੱਧ ਸ਼ਬਦ ਜੋੜ ਲਿਖਣ ਲਈ ਪ੍ਰਦਾਨ ਕਰਨ ਲਈ ਗੱਲਬਾਤ ਕਰ ਲੈਂਦੇ।ਭਾਵੇਂ ਸ਼ੁੱਧ ਸ਼ਬਦ ਜੋੜ ਦਾ ਮਸਲਾ ਵੀ ਕਾਫੀ ਗੰਭੀਰ ਹੈ ਪਰ ਆਓ ਦਿਲ ਵੱਡੇ ਕਰਦੇ ਹੋਏ ਸ਼ੁੱਧ ਸ਼ਬਦ ਜੋੜ ਦੇ ਨਾਲ-ਨਾਲ ਵੱਡੇ ਮਸਲਿਆਂ ਨੂੰ ਤਰਜੀਹ ਦੇਈਏ ਅਤੇ ਯੂਨੀਵਰਸਿਟੀ ਵਿਦਿਆਰਥੀਆਂ ਨਾਲ ਖੜੀਏ।




**ਫਲੇਲ ਸਿੰਘ ਸਿੱਧੂ**

# ਐੱਮ.ਟੀ.ਪੀ. ਕਿੱਟਾਂ ਦੀ ਅਣਅਧਿਕਾਰਿਤ ਵਿਕਰੀ ਨੂੰ ਰੋਕਣ ਲਈ ਮੈਡੀਕਲ ਸਟੋਰਾਂ ’ਤੇ ਰੱਖੀ ਜਾਵੇ ਪੈਨੀ ਨਜ਼ਰ : ਸਹਾਇਕ ਕਮਿਸ਼ਨਰ (ਜਨਰਲ) ਸ. ਜਗਦੀਪ ਸਿੰਘ

**ਨਵਾਂਸ਼ਹਿਰ, (ਜਤਿੰਦਰ ਪਾਲ ਸਿੰਘ ਕਲੇਰ )** ਡਿਪਟੀ ਕਮਿਸ਼ਨਰ ਸ. ਅੰਕੁਰਜੀਤ ਸਿੰਘ ਜੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਹਾਇਕ ਕਮਿਸ਼ਨਰ (ਜਨਰਲ) ਸ. ਜਗਦੀਪ ਸਿੰਘ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਸ਼ਹੀਦ ਭਗਤ ਸਿੰਘ ਨਗਰ ਵਿਖੇ ਮੰਗਲਵਾਰ ਨੂੰ ਜ਼ਿਲ੍ਹਾ ਸਿਹਤ ਸੁਸਾਇਟੀ ਦੀ ਮਹੀਨਾਵਾਰ ਮੀਟਿੰਗ ਆਯੋਜਿਤ ਹੋਈ, ਜਿਸ ਵਿਚ ਰਾਸ਼ਟਰੀ ਤੇ ਸੂਬਾਈ ਸਿਹਤ ਪ੍ਰੋਗਰਾਮਾਂ ਦੇ ਪ੍ਰਗਤੀ ਕੰਮਾਂ ਤੇ ਗਤੀਵਿਧੀਆਂ ’ਤੇ ਗੰਭੀਰਤਾ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਮੌਕੇ ਸਹਾਇਕ ਕਮਿਸ਼ਨਰ (ਜਨਰਲ) ਸ. ਜਗਦੀਪ ਸਿੰਘ ਨੇ ਸਿਹਤ ਵਿਭਾਗ ਅਧਿਕਾਰੀਆਂ ਸਮੇਤ ਵੱਖ-ਵੱਖ ਭਾਈਵਾਲ ਵਿਭਾਗਾਂ ਨੂੰ ਹਦਾਇਤਾਂ ਜਾਰੀ ਕੀਤੀਆਂ। ਇਸ ਮੌਕੇ ਉਨ੍ਹਾਂ ਸਿਹਤ ਵਿਭਾਗ ਸਮੇਤ ਜ਼ਿਲ੍ਹਾ ਡਰੱਗ ਅਫਸਰ ਨੂੰ ਹਦਾਇਤਾਂ ਜਾਰੀ ਕਰਦੇ ਹੋਏ ਕਿਹਾ ਕਿ ਡਰੱਗ ਕੰਟੋਰਲ ਪ੍ਰੋਗਰਾਮ ਅਧੀਨ ਕੈਮਿਸਟ ਸਟੋਰਾਂ ਦੀ ਨਿਰੰਤਰ ਜਾਂਚ ਯਕੀਨੀ ਬਣਾਈ ਜਾਵੇ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਨੇ ਸੂਬੇ ਵਿਚ ਮੈਡੀਕਲ ਟਰਮੀਨੇਸ਼ਨ ਆਫ ਪ੍ਰੈਗਨੈਂਸੀ ਕਿੱਟਾਂ (ਐੱਮ.ਟੀ.ਪੀ. ਕਿੱਟਾਂ) ਦੀ ਅਣਅਧਿਕਾਰਿਤ ਵਿਕਰੀ ਨੂੰ ਠੱਲ੍ਹ ਪਾਉਣ ਸਮੇਤ ਪਾਬੰਦੀਸ਼ੁਦਾ ਦਵਾਈਆਂ ਦੀ ਵਿਕਰੀ ਰੋਕਣ ਲਈ ਸਖਤ ਰੁੱਖ ਅਪਣਾਇਆ ਹੈ। ਉਨ੍ਹਾਂ ਹਦਾਇਤ ਕਰਦੇ ਹੋਏ



ਕਿਹਾ ਕਿ ਮੈਡੀਕਲ ਸਟੋਰਾਂ ਨੂੰ ਨਿਰਦੇਸ਼ ਦਿੱਤੇ ਜਾਣ ਕਿ ਐੱਮ.ਟੀ.ਪੀ. ਕਿੱਟਾਂ ਰਜਿਸਟਰਡ ਮੈਡੀਕਲ ਪ੍ਰੈਕਟਿਸ਼ਨਰਾਂ ਦੀ ਵੈਧ ਪਰਚੀ ਤੋਂ ਬਿਨਾਂ ਨਾ ਵੇਚੀ ਜਾਵੇ ਤਾਂ ਜੋ ਇਨ੍ਹਾਂ ਕਿੱਟਾਂ ਦੀ ਦੁਰਵਰਤੋਂ ਹੋਣ ਤੋਂ ਰੋਕਿਆ ਜਾ ਸਕੇ। ਉਨ੍ਹਾਂ ਇਹ ਵੀ ਹਦਾਇਤ ਕੀਤੀ ਕਿ ਐੱਮ.ਟੀ.ਪੀ. ਕਿੱਟਾਂ ਦਾ ਸਾਰਾ ਰਿਕਾਰਡ ਮਨਟੇਨ ਕਰਵਾਇਆ ਜਾਵੇ। ਜੇਕਰ ਕੋਈ ਵੀ ਕੈਮਿਸਟ ਸਟੋਰ ਐੱਮ.ਟੀ.ਪੀ. ਕਿੱਟਾਂ ਦੀ ਅਣਅਧਿਕਾਰਿਤ ਵਿਕਰੀ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਵਿਰੁੱਧ ਐੱਮ.ਟੀ.ਪੀ. ਐਕਟ ਅਤੇ ਡਰੱਗ ਕੰਟਰੋਲ ਅਤੇ ਕੋਸਮੈਟਿਕਸ ਐਕਟ ਤਹਿਤ ਸਖ਼ਤ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।ਸਹਾਇਕ ਕਮਿਸ਼ਨਰ (ਜਨਰਲ) ਸ. ਜਗਦੀਪ ਸਿੰਘ ਨੇ ਜ਼ਿਲ੍ਹੇ ਵਿਚ ਇਕ ਮਾਤਰੀ ਮੌਤ ਦੇ ਕੇਸ ਵਿਚ ਹਦਾਇਤਾਂ ਦਿੰਦੇ ਹੋਏ ਕਿਹਾ ਕਿ ਜੇਕਰ ਸਿਹਤ ਵਿਭਾਗ ਨੂੰ ਮਾਤਰੀ ਮੌਤਾਂ ਦੀ ਰੋਕਥਾਮ ਵਿਚ ਕਿਸੇ ਵੀ ਤਰ੍ਹਾਂ ਦੇ ਸਹਿਯੋਗ ਦੀ ਜ਼ਰੂਰਤ ਹੈ ਤਾਂ ਉਸ ਸਬੰਧੀ ਜਾਣੂ ਕਰਵਾਇਆ ਜਾਵੇ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿਚ ਮਾਤਰੀ ਮੌਤ ਨੂੰ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਗਰਭਵਤੀ ਔਰਤਾਂ ਦੀ ਸਮੇਂ ਸਿਰ ਰਜਿਸ਼ਟ੍ਰੇਸ਼ਨ ਯਕੀਨੀ ਬਣਾਈ ਜਾਵੇ ਤਾਂ ਜੋ ਸਰਕਾਰੀ ਸਿਹਤ ਸੰਸਥਾਵਾਂ ਵਿਚ ਸੰਸਥਾਗਤ ਜਣੇਪਿਆਂ ਨੂੰ ਹੁਲਾਰਾ ਮਿਲਦਾ ਰਹੇ। ਉਨ੍ਹਾਂ ਕਿਹਾ ਕਿ ਹਰ ਇੱਕ ਉੱਚ ਜੋਖਿਮ ਵਾਲੀਆਂ ਮਾਵਾਂ ਦਾ ਵਿਸ਼ੇਸ਼ ਧਿਆਨ ਰੱਖ ਕੇ ਉਸਦਾ ਸੁਰੱਖਿਅਤ ਜਣੇਪਾ ਕਰਵਾਉਣ ਦਾ ਪ੍ਰਬੰਧ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸਰਕਾਰੀ ਹਸਪਤਾਲਾਂ ਵਿਚ ਜਣੇਪੇ ਦੀ ਦਰ ਨੂੰ ਹੋਰ ਵਧਾਉਣ ਲਈ ਲੋਕਾਂ ਨੂੰ ਸਰਕਾਰੀ ਹਸਪਤਾਲਾਂ ਵਿਚ ਜਣੇਪਾ ਕਰਵਾਉਣ ਵਾਲੀਆਂ ਗਰਭਵਤੀ ਔਰਤਾਂ ਨੂੰ ਦਿੱਤੀਆਂ ਜਾਂਦੀਆਂ ਸਹੂਲਤਾਂ ਬਾਰੇ ਵੱਧ ਤੋਂ ਵੱਧ ਜਾਗਰੂਕ ਕੀਤਾ ਜਾਵੇ।

ਉਨ੍ਹਾਂ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਸਿਹਤ ਵਿਭਾਗ ਦੇ ਸਹਿਯੋਗ ਨਾਲ ਵੈਕਟਰ ਬੋਰਨ ਬਿਮਾਰੀਆਂ ਦੀ ਰੋਕਥਾਮ ਲਈ ਚੌਕਸ ਹੈ। ਉਨ੍ਹਾਂ ਸਿਹਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਵੈਕਟਰ ਬੋਰਨ ਬਿਮਾਰੀਆਂ ਦੇ ਪ੍ਰਸਾਰ ਨੂੰ ਰੋਕਣ ਲਈ ਜਾਗਰੂਕਤਾ, ਸਰਵੇ ਗਤੀਵਿਧੀਆਂ, ਸੈਂਪਲਿੰਗ ਅਤੇ ਇਲਾਜ ਪ੍ਰਬੰਧਨ ਨੂੰ ਹੋਰ ਮਜ਼ਬੂਤ ਬਣਾਇਆ ਜਾਵੇ। ਉਨ੍ਹਾਂ ਡੇਂਗੂ ਦੇ ਸੀਜਨ ਨੂੰ ਮੁੱਖ ਰੱਖਦੇ ਹੋਏ ਹਦਾਇਤ ਕਰਦੇ ਹੋਏ ਕਿਹਾ ਕਿ ਹੋਟ ਸਪੋਟ ਇਲਾਕਿਆਂ ਵਿਚ ਵਿਸ਼ੇਸ਼ ਧਿਆਨ ਕੇਂਦਰਿਤ ਕੀਤਾ ਜਾਵੇ ਤੇ ਡੇਂਗੂ ਵਿਰੋਧੀ ਗਤੀਵਿਧੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਆਯੋਜਿਤ ਕਰਕੇ ਡੇਂਗੂ ਦੇ ਫੈਲਾਅ ਨੂੰ ਰੋਕਿਆ ਜਾਵੇ। ਉਨ੍ਹਾਂ ਇਹ ਵੀ ਹਦਾਇਤ ਕੀਤੀ ਕਿ ਡੇਂਗੂ ਦੀ ਰੋਕਥਾਮ ਲਈ ਕਮਿਊਨਿਟੀ ਦੀ ਭਾਗੀਦਾਰੀ ਨੂੰ ਯਕੀਨੀ ਬਣਾਇਆ ਜਾਵੇ।ਉਨ੍ਹਾਂ ਫੂਡ ਸੇਫਟੀ ਵਿੰਗ ਦੇ ਅਧਿਕਾਰੀਆਂ ਨੂੰ ਹਦਾਇਤ ਕਰਦੇ ਹੋਏ ਕਿਹਾ ਕਿ ਫੂਡ ਸੇਫਟੀ ਐਕਟ ਨੂੰ ਜ਼ਿਲ੍ਹੇ ਵਿੱਚ ਪੂਰਨ ਤੌਰ ’ਤੇ ਲਾਗੂ ਕੀਤਾ ਜਾਵੇ। ਜਿੱਥੇ ਕਿਤੇ ਕੋਈ ਮਿਲਾਵਟ ਦਾ ਸ਼ੱਕ ਹੋਵੇ ਤਾਂ ਉਸ ਦੇ ਨਮੂਨੇ ਲੈ ਕੇ ਜਾਂਚ ਲਈ ਭੇਜੇ ਜਾਣ ਅਤੇ ਮਿਲਾਵਟ ਖੋਰਾ ਖਿਲਾਫ ਸਖਤ ਕਾਰਵਾਈ ਅਮਲ ਵਿਚ ਲਿਆਂਦੀ ਜਾਵੇ। ਜ਼ਿਲ੍ਹੇ ਵਿਚ ਖਾਣ-ਪੀਣ ਵਾਲੀਆਂ ਵਸਤਾਂ ਦੇ ਮਿਆਰ ਤੇ ਸ਼ੁੱਧਤਾ ਨੂੰ ਯਕੀਨੀ ਬਣਾਉਣ ਲਈ ਵੱਧ ਤੋਂ ਵੱਧ ਜਾਗਰੂਕਤਾ ਗਤੀਵਿਧੀਆਂ ਯਕੀਨੀ ਬਣਾਈਆਂ ਜਾਣ।

# ਖ਼ੁਸ਼ੀਆਂ ਹੀ ਖ਼ੁਸ਼ੀਆਂ




ਪੰਜਾਬ ਤੇ ਇੰਡੀਆ ਵਿੱਚ, ਬਿਜਲੀ ਚਲੀ ਜਾਂਦੀ, ਮੁੜ ਕੇ ਨਾ ਆਉਂਦੀ, ਜਦੋਂ ਆਉਂਦੀ ਖੁਸ਼ੀਆਂ ਹੀ ਖੁਸ਼ੀਆਂ ਲਿਆਉਂਦੀ। ਆਸਟ੍ਰੇਲੀਆ ਵਰਗੇ ਦੇਸ਼ਾਂ ਵਿੱਚ, ਬਿਜਲੀ ਕਦੇ ਨਾ ਜਾਂਦੀ, ਖੁਸ਼ੀਆਂ ਕਿੱਥੋਂ ਆਉਣੀਆਂ, ਗਮੀ ਵੀ ਨਹੀਂ ਆਉਂਦੀ। ਬ੍ਰਿਸਬੇਨ ਦਰਿਆ ਦੀ, ਫੈਰੀ (ਵੱਡੀ ਕਿਸ਼ਤੀ) ਵਿੱਚ ਘੁੰਮੇ, ਗੱਭਰੂ ਲੰਮ ਸਲੰਮੇਂ, ਲੱਗਦੇ ਪੰਜਾਬ ਦੇ ਜੰਮੇ। ਇੰਨੇ ਸਾਬਤ ਸੂਰਤ, ਪੰਜਾਬ ਵਿੱਚ,ਵੀ ਨ੍ਹੀਂ ਲੱਭਦੇ। ਸ਼ਖਸ਼ੀਅਤ ਪੱਖੋਂ, ਪੂਰੇ ਫੱਬਦੇ। ਬੱਸ,ਇੱਕ ਪੰਜਾਬੀ ਭਾਸ਼ਾ, ਬੋਲਣੀ ਨ੍ਹੀਂ ਆਉਂਦੀ, ਸ਼ਾਇਦ, ਸਾਡੇ ਗੁਰੂਆਂ ਦੀ, ਫਿਲਾਸਫੀ ਵੀ, ਇਨ੍ਹਾਂ ਨੂੰ, ਨਹੀਂ ਪਤਿਆਉਂਦੀ। ਪੰਜਾਬ ਵੱਸਦਾ ਗੁਰਾਂ ਦੇ ਨਾਮ ਤੇ,ਪੂਰਨ ਸਿੰਘ ਦੇ ਛੋਟੇ ਭਰਾ ਲੱਗਦੇ। ਸੰਦਲ ਦੀ ਬਾਰ ਵਿੱਚੋਂ ਉੱਠ ਕੇ ਆਇਆ, ਪੂਰਨ ਸਿੰਘ ਦੀ ਖੁੱਲੀ ਕਵਿਤਾ ਦੇ ਦਰਿਆ ਵੱਗਦੇ। ਉੱਤਰਾਖੰਡ ਦੇ ਡੇਹਰਾਦੂਨ, ਵਿੱਚ ਡੇਰੇ ਲਾਏ, ਸੁਆਮੀ ਦਿਆਨੰਦ ਦੇ ਚੇਲੇ ਬਣਗੇ। ਕੋਈ ਕਹਿੰਦੈ, ਗੋਰੇ ਨਸ਼ਾ ਵੀ, ਨੇ ਬਹੁਤ ਕਰਦੇ, ਪਰ ਇਹ ਤਾਂ, ਬੰਦੇ ਦੀ ਚਾਲ ਢਾਲ, ਹੀ ਦੱਸ ਦਿੰਦੀ, ਕਿੰਨੇ ਕੁ ਪਾਣੀਆਂ 'ਚ,ਨੇ ਤਰਦੇ। ਖੁਸ਼ ਮਿਜਾਜ਼, ਮੁਸਕਰਾਹਟਾਂ ਦੇ ਹੀਰੇ, ਪਰਖੇ ਜਾਂਦੇ ਸੱਚ ਦੀ ਕਸਵੱਟੀ ਤੇ। ਮਿਲਾਵਟ ਦੀ ਪਕੜ ਹੋ ਜਾਂਦੀ ਜੌਹਰੀ ਦੀ ਹੱਟੀ ਤੇ। ਖੁਸ਼ੀਆਂ ਖੇੜਿਆਂ ਵਾਲਾ ਦੇਸ਼,ਭਾਵੇਂ ਪੂੰਜੀਵਾਦੀ ਅਖਵਾਉਂਦਾ। ਪਰ ਸਾਰੇ ਕਿਰਤੀਆਂ ਦੀ ਕਿਰਤ ਦਾ ਮੁੱਲ ਪਾਉਂਦਾ। ਮਹਿੰਜੋਦਾੜੋ ਅਤੇ ਹੜੱਪਾ ਦੀਆਂ ਸੱਭਿਆਤਾਵਾਂ ਦੀ ਯਾਦ ਦਿਵਾਉਂਦਾ। ਪੂਰੇ ਜੱਗ ਤੇ ਪੰਜਾਬ ਰੋਸ਼ਨਾਉਂਦਾ।



**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂ ਜ਼ਿਲਾ ਪਟਿਆਲਾ। ਹਾਲ-ਆਬਾਦ ਬ੍ਰਿਸਬੇਨ, ਆਸਟ੍ਰੇਲੀਆ ਫੋਨ ਨੰਬਰ : 9878469639**

# ਸਮਾਜਵਾਦ:ਪੂਰਵ ਪ੍ਰਸਥਾਪਨਾਵਾਂ ਅੱਗੇ ਪ੍ਰਸ਼ਨ ਚਿੰਨ੍ਹ...ਕਰਨਾ ਕੀ ਹੈ?

'ਸਾਮਰਾਜਵਾਦ ਸਰਮਾਏਦਾਰੀ ਦੀ ਉਚਤਮ ਅਵਸਥਾ' ਥੀਸਸ ਉਸਾਰੀ ਵਿਚ ਮਾਰਕਸ,ਲੈਨਿਨ ਨੇ ਸਰਮਾਏਦਾਰੀ ਨੂੰ 'ਮਰਨਊ ਅਵਸਥਾ' ਕਹਿੰਦਿਆਂ ਇਹ ਪ੍ਰਸਾਥਪਨਾ ਬਣਾਈ ਕਿ ਯੌਰਪ ਦੇ ਬਹੁਤੇ ਦੇਸ਼ਾਂ ਅੰਦਰ ਸਮਾਜਵਾਦੀ ਪ੍ਰਕ੍ਰਿਆ ਅਧੀਨ ਮਜ਼ਦੂਰਾਂ ਦੀ ਸੱਤਾ ਸਥਾਪਿਤ ਹੋ ਜਾਵੇਗੀ ਜਿਹੜੀ ਕਿ ਇਹ ਪ੍ਰਸਥਾਪਨਾ ਹੁਣ ਤੱਕ ਲਾਗੂ ਨਹੀਂ ਹੋ ਸਕੀ।ਉਹਦਾ ਕਾਰਨ ਕਿ ਉਤਪਾਦਨ ਦੇ ਸਾਧਨਾਂ ਅੰਦਰ ਤਕਨੌਲੋਜੀ ਦੇ ਵਿਕਾਸ ਤੇ ਲੈਨਿਨ ਵਰਗਿਆਂ ਦੀ ਨਜ਼ਰ ਨਹੀਂ ਜਾ ਸਕੀ(ਲੈਨਿਨ 24 'ਚ ਹੀ ਚੱਲ ਵਸਿਆ) ਰੂਸ ਤੇ ਰਾਜਕੀ ਸਮਾਜਵਾਦ ਸੀ,ਆਪਣੀ ਪ੍ਰਕਿਰਿਆ ਅਧੀਨ ਨਹੀਂ ਸੀ ਆਇਆ, ਜਿਹੜਾ ਬਾਅਦ ਵਿਚ ਜਾ ਕੇ ਖਿਲਰ ਗਿਆ.... ਹੁਣ ਦੇ ਸਮਿਆਂ ਵਿਚ ਤਕਨੌਲੋਜੀ ਦੇ ਬੇਹੱਦ ਤਿੱਖੇ ਵਿਕਾਸ ਨਾਲ ਉਤਪਾਦਨ ਸਿਖਰ ਤੇ ਹੈ ਤੇ ਹੋਰ ਬਹੁਤ ਹੀ ਤਿੱਖਾ ਵਧੇਗਾ।ਕਿਉਂਜੋ ਉਤਪਾਦਨ ਦੇ ਸਾਧਨਾ ਅੰਦਰ ਕੰਪਿਊਟਰ/ਏ ਆਈ ਤੇ ਇਹਦੀਆਂ ਅਗਲੇਰੀਆਂ ਪਰਤਾਂ ਥਾਂ ਮਲ ਰਹੀਆਂ ਹਨ,ਸਨਅਤੀ ਮਜ਼ਦੂਰ ਖਤਮ ਹੋ ਕੇ ਸਰਵਿਸ ਸੈਕਟਰ ਵਿਚ ਸ਼ਿਫ਼ਟ ਹੋ ਰਿਹੈ।ਹੁਣ ਫੈਕਟਰੀ ਮਜ਼ਦੂਰ ਦੀ ਥਾਂ ਸਰਵਿਸ ਸੈਕਟਰ ਅੰਦਰ ਵੱਖ ਵੱਖ ਤਬਕਿਆਂ ਦਾ ਮਜ਼ਦੂਰ ਹੈ।ਹੁਣ ਮਾਰਕਸ ਲੈਨਿਨ ਵੇਲਿਆਂ ਦੀ ਜਮਾਤੀ ਲੜਾਈ ਓਦਾਂ ਦੀ ਸੰਭਵ ਬਿਲਕੁਲ ਨਹੀਂ ਜੋ ਪ੍ਰਸਥਾਪਨਾ ਬਣੀ ਸੀ ਤੇ ਜੀਹਦੇ ਤੇ ਕੌਮਨਿਸਟ ਅੱਖਾਂ ਮੂੰਦੀ ਬਿਨਾਂ ਸੋਚਿਆਂ ਤੁਰੇ ਆ ਰਹੇ ਨੇ।ਬਦਲੇ ਹਾਲਾਤਾਂ ਅੰਦਰ ਸੰਗਠਨ/ਚੇਤਨਾ/ਸੋਸ਼ਲ ਮੀਡੀਆ ਦੇ ਆਪਸੀ ਸੰਘ ਨਾਲ ਵੱਖ ਵੱਖ ਸਮਾਜੀ ਤਬਕਿਆਂ ਤੱਕ ਕਾਰਪੋਰੇਟ ਦੀ ਲੁੱਟ ਨੂੰ ਨੰਗਾ ਕਰਕੇ 'ਜਨਵਾਦੀ ਸਰੂਪ' ਦੇਣਾ ਪਵੇਗਾ।ਏਸੇ ਚੇਤਨਾ ਤਹਿਤ ਲੋਕਮੁੱਖੀ ਰਾਜਨੀਤੀ ਦੀ ਉਸਾਰੀ ਸੰਭਵ ਬਣਾਈ ਜਾ ਸਕਦੀ ਹੈ। ਇਹਨਾਂ ਵੇਲਿਆਂ ਦੇ ਜੈਨ-ਜ਼ੀ ਅੰਦੋਲਨ ਨੂੰ ਸਮਝ ਕੇ ਇਹਦੇ ਰਾਜਨੀਤਕ ਰੁੱਖ ਦੀ ਦਿਸ਼ਾ ਦੇਣੀ ਪਵੇਗੀ ਨਹੀਂ ਤਾਂ ਅਰਾਜਕਤਾ ਫੈਲਣ ਦਾ ਖਤਰਾ ਹੈ ਕਿਉਂਜੋ ਹੱਥ ਬੇਰੁਜ਼ਗਾਰ ਹੋ ਰਿਹੈ ਜਾਂ ਇਹਨਾਂ ਹੱਥਾਂ ਨੂੰ ਕਿਰਤ ਦਾ ਸਾਵਾਂ ਮੁੱਲ ਨਹੀਂ ਮਿਲ ਰਿਹਾ।ਵੇਖੋ ਐਮਾਜੋਨ ਦੇ ਲੱਖਾਂ ਵਰਕਰ,ਉਬਰ,ਇਨਡਰਾਇਵ,ਬਲਿੰਕਿੱਟ ਤੇ ਹੋਰ ਅਨੇਕਾਂ ਔਨ ਲਾਈਨ ਸਰਵਿਸ 'ਚ ਜੁੜੀਆਂ ਕੰਪਨੀਆਂ ਦੇ ਹਜ਼ਾਰਾਂ ਲੱਖਾਂ ਵਰਕਰ--ਕੀ ਹਾਲਤ ਹੈ ਉਹਨਾਂ ਦੀ?ਇਹ ਫੈਕਟਰੀ ਮਜ਼ਦੂਰ ਨਹੀਂ ਹਨ,ਸਰਵਿਸ ਸੈਕਟਰ ਦੇ ਮਜ਼ਦੂਰ ਹਨ।ਨਵੇਂ ਹਾਲਾਤਾਂ ਨੂੰ ਨਵੇਂ ਢੰਗ ਨਾਲ ਸਮਝਣਾ ਪੈਣੈ ਪੂਰਵ ਸਥਾਪਨਾਵਾਂ ਤਿਆਗ ਕੇ ਨਵੀਆਂ ਸਥਾਪਨਾਵਾਂ ਰਾਹੀਂ।

- ਮਰਨਊ ਅਵਸਥਾ ਵਿਚ ਪਹੁੰਚਿਆ ਪੂੰਜੀਵਾਦ ਆਰਥਿਕ ਸੰਕਟਾਂ 'ਚੋਂ ਨਿਕਲ ਕੇ ਵੱਧ ਸ਼ਕਤੀਸ਼ਾਲੀ ਹੁੰਦਾ ਗਿਆ।

-ਉਤਪਾਦਨ ਸ਼ਕਤੀਆਂ ਦਾ ਵਿਕਾਸ ਹੁੰਦਾ ਗਿਆ

ਇਹ ਕੁੱਝ ਚੈਲਿੰਜ ਨੇ ਜਿਨ੍ਹਾਂ ਨੂੰ ਅਜੋਕੇ ਹਾਲਾਤਾਂ 'ਚ ਡੌਲਣਾ ਪੈਣੈ.....।



**ਅਮਰਜੀਤ ਅਰਪਨ**

# ਵਾਤਾਵਰਣ ਨੂੰ ਸਿਹਤਮੰਦ ਰੱਖਣ ਲਈ ਅਹਿਮ ਯੋਗਦਾਨ ਪਾਉਣ ਵਿਦਿਆਰਥੀ : ਡਾ. ਪ੍ਰਦੀਪ ਕੁਮਾਰ

**ਸ਼ਹੀਦ ਭਗਤ ਸਿੰਘ ਨਗਰ, (ਜਤਿੰਦਰ ਪਾਲ ਸਿੰਘ ਕਲੇਰ )** ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸਥਾਨਕ ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਅਮਰਦੀਪ ਸੈਕੰਡਰੀ ਸਕੂਲ, ਮੁਕੰਦਪੁਰ, ਵਿਖੇ ਝੋਨੇ ਦੀ ਪਰਾਲੀ ਸੰਭਾਲਣ ਬਾਰੇ ਜਾਗਰੁਕਤਾ ਸਮਾਗਮ ਕਰਵਾਇਆ ਗਿਆ ਜਿਸ ਦੌਰਾਨ ਖੇਤਾਂ ਵਿੱਚ ਹੀ ਪਰਾਲੀ ਦੇ ਸੁਚੱਜੇ ਪ੍ਰਬੰਧਨ ਦੀਆਂ ਤਕਨੀਕਾਂ ਬਾਰੇ ਜਾਣਕਾਰੀ ਦਿੱਤੀ ਗਈ। ਕ੍ਰਿਸ਼ੀ ਵਿਗਿਆਨ ਕੇਂਦਰ ਦੇ ਮਾਹਰਾਂ ਨੇ ਸਕੂਲ ਦੇ ਵਿਦਿਆਰਥੀਆਂ ਨੂੰ ਜਾਗਰੂਕ ਕਰਦਿਆਂ ਵਾਤਾਵਰਣ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਲਈ ਚੱਲ ਰਹੀ ਮੁਹਿੰਮ ਵਿੱਚ ਬਣਦਾ ਯੋਗਦਾਨ ਪਾਉਣ ਦੀ ਅਪੀਲ ਕੀਤੀ । ਵਧੀਕ ਨਿਰਦੇਸ਼ਕ (ਸਿਖਲਾਈ) ਡਾ. ਪ੍ਰਦੀਪ ਕੁਮਾਰ ਦੀ ਅਗਵਾਈ ਵਿੱਚ ਲਾਏ ਗਏ ਜਾਗਰੂਕਤਾ ਕੈਂਪ ਦੌਰਾਨ ਪਰਾਲੀ ਨੂੰ ਅੱਗ ਲਾਉਣ ਨਾਲ ਹੋਣ ਵਾਲੇ ਨੁਕਸਾਨ ਬਾਰੇ ਵਿਦਿਆਰਥੀਆਂ ਨੂੰ ਵਿਸਥਾਰ ਵਿੱਚ ਦੱਸਿਆ ਗਿਆ । ਉਨ੍ਹਾਂ ਕਿਹਾ ਕਿ ਜੇਕਰ ਖੇਤਾਂ ਵਿੱਚ ਫਸਲਾਂ ਦੀ ਰਹਿੰਦ-ਖੂਹੰਦ ਨੂੰ ਸਾੜਿਆ ਜਾਂਦਾ ਹੈ ਤਾਂ ਉਸ ਨਾਲ ਵਾਤਾਵਰਣ, ਮਿੱਟੀ ਦੀ ਉਪਜਾਊ ਸ਼ਕਤੀ, ਮਨੁੱਖੀ ਸਿਹਤ ਅਤੇ ਮਿੱਤਰ ਕੀੜਿਆਂ ਦਾ ਸਿੱਧੇ ਤੌਰ ’ਤੇ ਨੁਕਸਾਨ ਹੁੰਦਾ ਹੈ ਜੋ ਸਾਡੇ ਚੌਗਿਰਦੇ ਲਈ ਬੇਹਦ ਮਾੜਾ ਹੈ। ਉਨ੍ਹਾਂ ਕਿਹਾ ਕਿ ਵਿਦਿਆਰਥੀ ਦੇਸ਼ ਦਾ ਭਵਿੱਖ ਹਨ ਜੋ ਆਪੋ-ਆਪਣੇ ਜਾਣਕਾਰਾਂ ਆਦਿ ਨੂੰ ਇਸ ਗੰਭੀਰ ਮਸਲੇ ਪ੍ਰਤੀ ਜਾਗਰੂਕ ਕਰਕੇ



ਵਾਤਾਵਰਣ ਨੂੰ ਦੂਸ਼ਿਤ ਹੋਣ ਤੋਂ ਬਚਾਅ ਸਕਦੇ ਹਨ।

ਸਕੂਲ ਪ੍ਰਿੰਸੀਪਲ ਪਰਮਜੀਤ ਕੌਰ ਨੇ ਕੇ.ਵੀ.ਕੇ. ਦੀ ਟੀਮ ਦਾ ਸੁਆਗਤ ਕਰਦਿਆ ਵਿਦਿਆਰਥੀਆਂ ਨੂੰ ਪਰਾਲੀ ਦੀ ਸਾਂਭ ਸੰਭਾਂਲ ਵਿਸ਼ੇ ਦੀ ਗੰਭੀਰਤਾ ਬਾਰੇ ਚਾਨ੍ਹਣ ਪਾਇਆ।ਡਾ. ਪ੍ਰਦੀਪ ਕੁਮਾਰ ਨੇ ਜਾਗਰੁਕਤਾ ਮੁਹਿੰਮ ਵਿੱਚ ਵਿਦਿਆਰਥੀਆਂ ਨੂੰਅਹਿਮ ਜਿੰਮੇਵਾਰੀ ਨਿਭਾਉਣ ਲਈ ਵੀ ਪ੍ਰੇਰਿਆ।ਸਹਾਇਕ ਪ੍ਰੋਫੈਸਰ (ਫ਼ਸਲ ਵਿਗਿਆਨ) ਡਾ. ਜਸਵਿੰਦਰ ਕੁਮਾਰ, ਨੇ ਵਿਦਿਆਰਥੀਆਂ ਨੂੰ ਪਰਾਲੀ ਦੀ ਸਾਂਭ ਸੰਭਾਲ ਲਈ ਵਰਤੀ ਜਾਣ ਵਾਲੀ ਮਸ਼ੀਨਰੀ ਜਿਵੇਂ ਕਿ ਬੇਲਰ ਮਸ਼ੀਨ, ਸੁਪਰ, ਸਮਾਰਟ ਅਤੇ ਸਰਫੇਸ ਸੀਡਰ ਬਾਰੇ ਵਿਸਥਾਰਪੂਰਵਕ ਦੱਸਿਆ। ਡਾ. ਰਜਿੰਦਰ ਕੌਰ, ਸਹਾਇਕ ਪ੍ਰੋਫੈਸਰ (ਗ੍ਰਹਿ ਵੀਗਆਨ) ਕੇ ਵੀ ਕੇ ਵਿਖੇ ਪਰਾਲੀ ਦੀ ਸਾਂਭ ਸੰਭਾਂਲ ਸੰਬੰਧੀ ਗਤੀਵਿਧੀਆਂ ਬਾਰੇ ਚਾਨਣ ਪਾਇਆ। ਇਸ ਦੌਰਾਨ ਡਿਮਾਂਸਟ੍ਰੇਟਰ (ਗ੍ਰਹਿ ਵੀਗਆਨ) ਰੇਨੂ ਬਾਲਾ, ਨੇ ਕ੍ਰਿਸ਼ੀ ਵਿਗਿਆਨ ਕੇਂਦਰ ਦੀਆਂ ਕਿਰਸਾਨੀ ਪ੍ਰਤੀ ਸੇਵਾਵਾਂ ਬਾਰੇ ਚਾਨਣਾ ਪਾਇਆ।ਇਸ ਮੌਕੇ ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਤੋਂ ਹੋਣ ਵਾਲੇ ਨੁਕਸਾਨਾਂ ਪ੍ਰਤੀ ਵਿਦਿਆਰਥੀਆਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਭਾਸ਼ਣ, ਲੇਖ ਲਿਖਣਾ ਅਤੇ ਪੇਟਿੰਗ ਦੇ ਮੁਕਾਬਲੇ ਵੀ ਕਰਵਾਏ ਗਏ।ਵੱਖ-ਵੱਖ ਮੁਕਾਬਲੇ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਸਾਇੰਸਦਾਨਾਂ ਅਤੇ ਸਕੂਲ ਸਟਾਫ ਦੀ ਦੇਖ-ਰੇਖ ਅਧੀਨ ਹੋਏ। ਇਹਨਾਂ ਮੁਕਾਬਲਿਆਂ ਵਿੱਚ ਵਿਦਿਆਰਥੀਆਂ ਵੱਲੋਂ ਬੜੀ ਗਰਮਜੋਸ਼ੀ ਨਾਲ ਹਿੱਸਾ ਲਿਆ ਗਿਆ ਅਤੇ ਆਏ ਮਹਿਮਾਨਾਂ ਵੱਲੋਂ ਜੇਤੂ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਣ ਲਈ ਸਨਮਾਨਿਤ ਵੀ ਕੀਤਾ ਗਿਆ। ਇਸ ਮੁਹਿੰਮ ਨੂੰ ਵਿਦਿਆਰਥੀਆਂ ਲਈ ਹੋਰ ਪ੍ਰਭਾਵਸ਼ੀਲ ਬਣਾਉਣ ਲਈ ਇੱਕ ਜਾਗਰੂਕਤਾ ਰੈਲੀ ਕਰਵਾਈ ਗਈ।



# ਡਾ. ਬੀ.ਆਰ.ਅੰਬੇਡਕਰ ਸਰਕਾਰੀ ਕਾਲਜ ਮੁਖਲਿਆਣਾ ਵਿੱਚ 2.16 ਕਰੋੜ ਦੀ ਲਾਗਤ ਨਾਲ ਸ਼ੁਰੂ ਕਰਵਾਏ ਵਿਕਾਸ ਕਾਰਜ

**ਚੱਬੇਵਾਲ (ਸਤਨਾਮ ਸਿੰਘ ਸਹੂੰਗੜਾ)** ਸੂਬੇ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਿੱਖਿਆ ਕ੍ਰਾਂਤੀ ਨੂੰ ਨਵੀਆਂ ਉਚਾਈਆਂ ਤੱਕ ਲਿਜਾਣ ਲਈ ਵਚਨਬੱਧ ਹੈ, ਇਹ ਪ੍ਰਗਟਾਵਾ ਵਿਧਾਨ ਸਭਾ ਹਲਕਾ ਚੱਬੇਵਾਲ ਤੋਂ ਆਪ ਦੇ ਵਿਧਾਇਕ ਡਾ. ਇਸ਼ਾਂਕ ਕੁਮਾਰ ਚੱਬੇਵਾਲ ਨੇ ਡਾ. ਬੀ.ਆਰ.ਅੰਬੇਡਕਰ ਸਰਕਾਰੀ ਕਾਲਜ ਮੁਖਲਿਆਣਾ ਵਿੱਚ ਸ਼ੁਰੂ ਵੱਖ-ਵੱਖ ਵਿਕਾਸ ਕੰਮਾਂ ਦੀ ਸ਼ੁਰੂਆਤ ਕਰਵਾਉਣ ਸਮੇਂ ਕੀਤਾ ਜਿਨ੍ਹਾਂ ਉੱਪਰ ਪੰਜਾਬ ਸਰਕਾਰ ਵੱਲੋਂ 2 ਕਰੋੜ 16 ਲੱਖ ਰੁਪਏ ਖਰਚ ਕੀਤੇ ਜਾਣਗੇ। ਵਿਧਾਇਕ ਡਾ. ਇਸ਼ਾਂਕ ਕੁਮਾਰ ਚੱਬੇਵਾਲ ਨੇ ਕਿਹਾ ਕਿ ਹਲਕੇ ਦੇ ਇਸ ਸਰਕਾਰੀ ਕਾਲਜ ਦੀ ਨੁਹਾਰ ਬਦਲਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ, ਉਨ੍ਹਾਂ ਕਿਹਾ ਕਿ ਇੱਕ ਪਾਸੇ ਪੰਜਾਬ ਸਰਕਾਰ ਵੱਲੋਂ ਲਗਾਤਾਰ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਉੱਥੇ ਹੀ



ਆਪ ਦੇ ਹੁਸ਼ਿਆਰਪੁਰ ਤੋਂ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਵੱਲੋਂ ਲਗਾਤਾਰ ਐੱਮ.ਪੀ.ਫੰਡ ਵਿੱਚੋਂ ਵਿਕਾਸ ਕਾਰਜਾਂ ਦੀ ਲੜੀ ਨੂੰ ਅੱਗੇ ਤੋਰਿਆ ਜਾ ਰਿਹਾ ਹੈ। ਡਾ. ਇਸ਼ਾਂਕ ਕੁਮਾਰ ਚੱਬੇਵਾਲ ਨੇ ਕਿਹਾ ਕਿ ਸਰਕਾਰੀ ਕਾਲਜ ਮੁਖਲਿਆਣਾ ਵਿੱਚ ਇਨਡੋਰ ਸਪੋਰਟਸ ਹਾਲ, ਬਾਸਕਿਟਬਾਲ ਗਰਾਂਉਡ, ਅਥਲੈਟਿਕ ਟਰੈਕ, ਪਾਰਕਿੰਗ , ਸਟੇਜ ਆਦਿ ਦੀ ਉਸਾਰੀ ਕਰਵਾਈ ਜਾਵੇਗੀ ਅਤੇ ਇਸ ਉਪਰੰਤ ਕਾਲਜ ਅੰਦਰ ਹੋਰ ਵੀ ਜਿਹੜੀਆਂ ਸਹੂਲਤਾਂ ਦੀ ਲੋੜ ਪਵੇਗੀ ਉਹ ਸਭ ਮੁਹੱਈਆ ਕਰਵਾਈਆਂ ਜਾਣਗੀਆਂ। ਡਾ. ਇਸ਼ਾਂਕ ਕੁਮਾਰ ਚੱਬੇਵਾਲ ਨੇ ਕਿਹਾ ਕਿ ਕਾਲਜ ਅੰਦਰ ਹੋਰ ਵੀ ਲੈਕਚਰਾਰਾਂ ਦੀ ਨਿਯੁਕਤੀ ਕਰਵਾਈ ਜਾ ਰਹੀ ਹੈ ਅਤੇ ਇਸ ਦੇ ਨਾਲ ਹੀ ਇੱਥੇ ਆਈ.ਟੀ.ਆਈ.ਦੇ ਕੋਰਸ ਸ਼ੁਰੂ ਕਰਵਾਉਣ ਲਈ ਵੀ ਕੋਸ਼ਿਸ਼ਾਂ ਲਗਾਤਾਰ ਜਾਰੀ ਹਨ, ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਲਈ ਕਿੱਤਾਮੁੱਖੀ ਕੋਰਸ ਸਮੇਂ ਦੀ ਲੋੜ ਹਨ ਅਤੇ ਸਾਡੀ ਕੋਸ਼ਿਸ਼ ਹੈ ਕਿ ਸਰਕਾਰੀ ਕਾਲਜ ਵਿੱਚ ਵਿਦਿਆਰਥੀਆਂ ਨੂੰ ਕਿੱਤਾਮੁਖੀ ਸਿੱਖਿਆ ਮਿਲੇ। ਉਨ੍ਹਾਂ ਵਿਦਿਆਰਥੀ ਵਰਗ ਨੂੰ ਅਪੀਲ ਕੀਤੀ ਕਿ ਮਿਆਰੀ ਸਿੱਖਿਆ ਪ੍ਰਾਪਤ ਕਰਕੇ ਆਪਣੇ ਸੂਬੇ ਤੇ ਦੇਸ਼ ਦੀ ਤਰੱਕੀ ਵਿੱਚ ਯੋਗਦਾਨ ਪਾਉਣ।

# ਮਨ ਦੀ ਮੈਲ

ਉਦੋਂ ਪਿੰਡਾਂ ਸ਼ਹਿਰਾਂ ਵਿੱਚ ਕੰਨਾਂ ਦੀ ਮੈਲ ਕੱਢਣ ਵਾਲੇ ਹੋਕਾ ਮਾਰਦੇ। ਓਹਨਾ ਦੇ ਇੱਕ ਵਿਸ਼ੇਸ਼ ਅੰਦਾਜ਼ ਵਿੱਚ ਕੋਈ ਪਗੜੀ ਬੰਨੀ ਹੁੰਦੀ ਸੀ ਤੇ ਕੰਨਾਂ ਤੇ ਮੈਲ ਕੱਢਣ ਵਾਲੇ ਔਜ਼ਾਰ ਜਿਹੇ ਟੰਗੇ ਹੁੰਦੇ ਸਨ। ਕੰਨਾਂ ਚੋਂ ਮੈਲ ਕੱਢਣਾ ਉਹਨਾਂ ਦਾ ਪੇਸ਼ਾ ਸੀ ਰੋਜ਼ੀ ਰੋਟੀ ਦਾ ਜ਼ਰੀਆ। ਉਂਜ ਕੁਝ ਲੋਕ ਕਾਰ ਬਾਈਕ ਦੀ ਚਾਬੀ ਵੀ ਕੰਨਾਂ ਚ ਮਾਰਕੇ ਮੈਲ ਕੱਢ ਲੈਂਦੇ ਹਨ। ਭਾਵੇਂ ਇਸ ਨੂੰ ਸਭਿਅਕ ਅਤੇ ਡਾਕਟਰੀ ਨਿਯਮਾਂ ਮੁਤਾਬਿਕ ਸਹੀ ਨਹੀਂ ਮੰਨਿਆ ਜਾਂਦਾ ਪਰ ਕੰਨ ਵਿੱਚ ਖੁਰਕ ਕਰਨ ਅਤੇ ਮੈਲ ਕੱਢਣ ਦਾ ਸੁਆਦ ਚਾਬੀ ਨਾਲ ਹੀ ਆਉਂਦਾ ਹੈ। ਅੱਜ ਕੱਲ੍ਹ ਤੇ ਲੋਕ ਈਅਰ ਬਡਜ ਵਰਤਦੇ ਹਨ। ਕੰਨਾਂ ਦੀ ਮੈਲ ਨਿਕਲ ਜਾਂਦੀ ਹੈ। ਜਿਵੇ ਮਰਜੀ ਸਹੀ।

ਸਰੀਰ ਦੀ ਮੈਲ ਲਾਹੁਣ ਲਈ ਨਹਾਉਣ ਤੋਂ ਪਹਿਲਾਂ ਝਾਵਾਂ ਵਰਤਿਆ ਜਾਂਦਾ ਸੀ। ਅੱਡੀਆਂ ਕੂਚੀਆਂ ਜਾਂਦੀਆਂ ਸੀ ਤੇ ਫੇਰ ਸਾਬੁਣ ਨਾਲ ਨ੍ਹਾਤਾ ਜਾਂਦਾ ਹੈ। ਹੁਣ ਸਰੀਰ ਮੈਲੇ ਨਹੀਂ ਹੁੰਦੇ ਮਨ ਮੈਲੇ ਹਨ। ਕਪੜਿਆਂ ਦੀ ਮੈਲ ਧੋਣ ਨਾਲ ਨਿਕਲਦੀ ਹੈ। ਪਹਿਲਾਂ ਲੋਕੀ ਖੂਹ ਟੋਬਿਆਂ ਤੇ ਕਪੜੇ ਧੋਂਦੇ ਸੀ ਥਾਪੇ ਨਾਲ। ਫਿਰ ਸਿਸਟਮ ਬਦਲਦੇ ਗਏ ਤੇ ਮਸ਼ੀਨਾਂ ਆ ਗਈਆਂ ਸੇਮੀ ਆਟੋਮੈਟਿਕ ਤੇ ਫੁੱਲੀ ਆਟੋਮੈਟਿਕ। ਮੈਲ ਨਿਕਲੇ ਜਾਂ ਨਾ ਨਿਕਲੇ ਆਰਾਮ ਜ਼ਰੂਰ ਹੋ ਗਿਆ। ਹੁਣ ਕਪੜਿਆਂ ਵਿੱਚ ਮੈਲ ਹੁੰਦੀ ਵੀ ਨਹੀਂ। ਨਾ ਮੇਹਨਤ ਹੁੰਦੀ ਹੈ ਨਾ ਪਸੀਨਾ ਆਉਂਦਾ ਹੈ। ਕਪੜੇ ਵੀ ਨਿੱਤ ਬਦਲਦੇ ਹਾਂ ਮੈਲ ਕਿਥੋਂ ਆਵੇ।

ਹੁਣ ਸਾਰੀ ਮੈਲ ਮਨਾਂ ਵਿੱਚ ਇਕੱਠੀ ਹੋਗੀ। ਹਰ ਇੱਕ ਦੇ ਮਨ ਵਿੱਚ ਮੈਲ ਹੈ। ਭੈਣ ਭਰਾ ਦੇ ਦਿਲ ਵਿੱਚ, ਪਤੀ ਪਤਨੀ ਦੇ ਦਿਲ ਵਿੱਚ, ਮਾਪਿਆਂ ਤੇ ਔਲਾਦ ਦੇ ਦਿਲਾਂ ਚ, ਸੱਸਸਹੁਰੇ, ਜਵਾਈਨੂੰਹ ਦੇ ਤਾਂ ਹੋਣੀ ਹੀ ਹੈ। ਮੈਲ ਆਂਢ ਗੁਆਂਢ, ਦੋਸਤ ਮਿੱਤਰ, ਸਹਿਪਾਠੀ ਤੇ ਸਹਿਕਰਮੀ ਦੇ ਮਨ ਵਿੱਚ ਵੀ ਵਾਧੂ ਹੁੰਦੀ ਹੈ। ਸਾਡੀ ਆਪਣੀ ਆਸਥਾ, ਸ਼ਰਧਾ ਦੇ ਪ੍ਰਤੀ, ਆਪਣੇ ਗੁਰ ਪੀਰ ਪ੍ਰਤੀ ਵੀ ਮੈਲ ਭਰੀ ਹੋਈ ਹੈ। ਮੈਨੂੰ ਨਹੀਂ ਲਗਦਾ ਕਿਸੇ ਦੇ ਵੀ ਕਿਸੇ ਨਾਤੇ ਵਿੱਚ ਆਪਸੀ ਸਬੰਧ ਮੈਲਰਹਿਤ ਹੋਣਗੇ। ਭਾਵੇ ਪਵਿੱਤਰ ਗੁਰਬਾਣੀ ਵਿੱਚ ਇਸਦਾ ਹੱਲ ਲਿਖਿਆ ਹੈ।

"ਮੂਤ ਪਲੀਤੀ ਕਪੜੁ ਹੋਇ ॥
ਦੇ ਸਾਬੂਣੁ ਲਈਐ ਓਹੁ ਧੋਇ ॥
ਭਰੀਐ ਮਤਿ ਪਾਪਾ ਕੈ ਸੰਗਿ ॥
ਓਹੁ ਧੋਪੈ ਨਾਵੈ ਕੈ ਰੰਗਿ ॥
ਪੁੰਨੀ ਪਾਪੀ ਆਖਣੁ ਨਾਹਿ ॥
ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥
ਆਪੇ ਬੀਜਿ ਆਪੇ ਹੀ ਖਾਹੁ ॥"

ਪਰ ਅਸੀਂ ਤਾਂ ਪੜ੍ਹਕੇ ਅੱਗੇ ਤੁਰ ਜਾਂਦੇ ਹਾਂ। ਮਨ ਦੀ ਮੈਲ ਸਾਨੂੰ ਅਮਲ ਨਹੀਂ ਕਰਨ ਦਿੰਦੀ। ਗੁਰੂ ਜੀ ਫਰਮਾਉਂਦੇ ਹਨ ਕਿ ਇਹ ਮਨ ਦੇ ਪਾਪ ਹੀ ਦਿਲ ਦੀ ਮੈਲ ਹੁੰਦੀ ਹੈ। ਜਦੋਂ ਤੁਸੀਂ ਕਿਸੇ ਨਾਲ ਸੱਚੇ ਦਿਲ ਨਾਲ ਪਿਆਰ ਕਰਦੇ ਹੋ, ਰਿਸ਼ਤੇ ਨਿਭਾਉਂਦੇ ਹੋ, ਪਰ ਅਗਲਾ ਮਨ ਸਾਫ਼ ਨਹੀਂ ਰੱਖਦਾ, ਆਪਣੀ ਘੁੰਡੀ ਨਹੀਂ ਕੱਢਦਾ। ਫਿਰ ਕਹਾਣੀ ਉਥੇ ਹੀ ਆ ਜਾਂਦੀ ਹੈ। ਅਸੀਂ ਮੰਦਿਰ ਮਸਜਿਦ ਗੁਰੂਦਵਾਰੇ ਜਾਕੇ ਵੀ ਆਪਣਾ ਫਟਿਆ ਨੋਟ ਚਲਾਉਣ ਦੀ ਕੋਸ਼ਿਸ਼ ਕਰਦੇ ਹਾਂ। ਗੁਰੂ ਬਚਨਾਂ ਦੀ ਕਾਟ ਕਰਦੇ ਹਾਂ। ਉਸਨੂੰ ਸਰਬ ਸ਼ਕਤੀਮਾਨ ਅਤੇ ਹਾਜ਼ਰ ਨਾਜ਼ਰ ਮੰਨਕੇ ਵੀ ਉਸ ਤੋਂ ਪਰਦਾ ਰੱਖਦੇ ਹਾਂ। ਇਹ ਸਾਡੀ ਮਨ ਦੀ ਮੈਲ ਨਹੀਂ ਤਾਂ ਹੋਰ ਕੀ ਹੈ। ਅਸੀ ਦੋਸਤ ਨੂੰ ਵੀ ਠਿੱਬੀ ਲਾਉਣ ਤੋਂ ਗੁਰੇਜ਼ ਨਹੀਂ ਕਰਦੇ। ਅਸੀਂ ਦੁਕਾਨਦਾਰ, ਵਕੀਲ, ਡਾਕਟਰ ਬਣਕੇ ਆਪਣੇ ਕਸਟਮਰ ਨੂੰ ਨਹੀਂ ਬਖਸ਼ਦੇ। ਮੁੱਕਦੀ ਗੱਲ ਅਸੀਂ ਅੰਦਰੋਂ ਹੋਰ ਤੇ ਬਾਹਰੋਂ ਹੋਰ ਹਾਂ। ਇਹ ਮਨ ਦੀ ਮੈਲ ਹੀ ਸਾਡੇ ਦੁੱਖਾਂ ਦਾ ਕਾਰਨ ਹੈ। ਖੈਰ ਕੋਈ ਮਨ ਦੀ ਮੈਲ ਕੱਢਣ ਵਾਲਾ ਵੀ ਗਲੀ ਚ ਹੋਕਾ ਦੇ ਦੇਵੇ। "ਮੈਲ ਕਢਾ ਲੋ, ਮਨ ਦੀ ਮੈਲ।"



**ਰਮੇਸ਼ ਸੇਠੀ**

# ਬਲਾਕ ਪੱਧਰੀ ਪ੍ਰੀ ਪ੍ਰਾਇਮਰੀ ਅਧਿਆਪਕਾਂ ਦੀ ਵਰਕਸ਼ਾਪ ਦਾ ਦੂਸਰਾ ਬੈੱਚ ਸ਼ੁਰੂ

**ਕਾਠਗੜ੍ਹ, ( ਜਤਿੰਦਰ ਪਾਲ ਸਿੰਘ ਕਲੇਰ )** ਅੱਜ ਸਰਕਾਰੀ ਪ੍ਰਾਇਮਰੀ ਸਕੂਲ ਭਰਥਲਾ ਵਿਖੇ ਬਲਾਕ ਪੱਧਰੀ ਪ੍ਰੀ ਪ੍ਰਾਇਮਰੀ ਅਧਿਆਪਕਾਂ ਦੀ ਵਰਕਸ਼ਾਪ ਦਾ ਦੂਸਰਾ ਬੈੱਚ ਸ਼ੁਰੂ ਕੀਤਾ ਗਿਆ ।ਬਲਾਕ ਨੋਡਲ ਅਫ਼ਸਰ ਗਿਆਨ ਸਿੰਘ ਕਟਾਰੀਆ ਨੇ ਕਿਹਾ ਕਿ ਸਿੱਖਿਆ ਦਾ ਮੰਤਵ ਬੱਚਿਆਂ ਦੇ ਸਰਵਪੱਖੀ ਵਿਕਾਸ ਕਰਨਾ ਹੈ ਲ ਬਲਾਕ ਰਿਸੋਰਸ ਪਰਸਨ ਚਰਨਜੀਤ ਸਿੰਘ ਸਿਆਣ ਨੇ ਈ ਸੀ ਸੀ ਈ ਵਾਰੇ ਵਿਸਥਾਰ ਪੂਰਵ ਜਾਣਕਾਰੀ ਦਿੱਤੀ । ਬਲਾਕ ਰਿਸੋਰਸ ਪਰਸਨ ਹਰਜੀਤ ਸਿੰਘ ਸਹੋਤਾ ਨੇ






ਭਾਸ਼ਾ ਸਬੰਧੀ ਅਤੇ ਪ੍ਰੀ ਪ੍ਰਾਇਮਰੀ ਦੇ ਬੱਚਿਆਂ ਦੇ ਭਾਸ਼ਾਈ, ਬੋਧੀਕ, ਅਤੇ ਰਚਨਾਤਮਕ ਵਿਕਾਸ ਵਾਰੇ ਜਾਣਕਾਰੀ ਦਿੱਤੀ ਲ ਇਸ ਮੌਕੇ ਸੀ ਐਚ ਟੀ ਕਮਲਦੀਪ, ਅਮਨਦੀਪ ਸਿੰਘ ਕਲੇਰ, ਪਰਮਿੰਦਰ ਸਿੰਘ ਕਟਾਰੀਆ, ਅਜੇਪਾਲ, ਨਰੇਸ਼ ਕੁਮਾਰ, ਵਿਪਨ ਕੁਮਾਰ, ਦਵਿੰਦਰ ਕੁਮਾਰ ਬਾਂਠ,ਜਤਿੰਦਰ ਸਿੰਘ, ਰਾਮ ਕੁਮਾਰ, ਇੰਦਰਜੀਤ ਕੌਰ, ਯਾਦਵਿੰਦਰ ਕੌਰ, ਕੁਲਜੀਤ ਕੌਰ, ਨਵਦੀਪ ਕੌਰ,ਅਮਨਦੀਪ ਕੌਰ,ਰੀਚਾ ਸ਼ਰਮਾ, ਪਰਵਿੰਦਰ ਕੌਰ ਮਾਨੇਵਾਲ, ਰਿੰਪੀ,ਸੁਮਨ ਲਤਾ, ਸਿਮਰਨ ਮਿਗਲਾਨੀ ਤੋਂ ਇਲਾਵਾ ਹੋਰ ਵੀ ਅਧਿਆਪਕ ਹਾਜ਼ਰ ਸਨ।

# ਸੀ.ਜੇ.ਐਮ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਐਸ.ਬੀ.ਐਸ ਵਲੋਂ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫਤਰ ਵਿਖੇ ਸਥਾਪਿਤ ਕਾਨੂੰਨੀ ਸੇਵਾਵਾਂ ਕਲੀਨਿਕ ਦਾ ਕੀਤਾ ਅਚਨਚੇਤ ਨਿਰੀਖਣ

**ਨਵਾਂਸ਼ਹਿਰ (ਜਤਿੰਦਰ ਪਾਲ ਸਿੰਘ ਕਲੇਰ )** ਮਾਣਯੋਗ ਮੈਂਬਰ ਸਕੱਤਰ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸ. ਏ. ਐਸ. ਨਗਰ ਜੀਆਂ ਦੇ ਪ੍ਰਾਪਤ ਹੁਕਮਾਂ ਅਤੇ ਜਿਲ੍ਹਾਂ ਅਤੇ ਸੈਸ਼ਨ ਜੱਜ, ਸ਼ਹੀਦ ਭਗਤ ਸਿੰਘ ਨਗਰ ਸ਼੍ਰੀਮਤੀ ਪ੍ਰਿਆ ਸੂਦ ਜੀਆਂ ਦੇ ਦਿਸ਼ਾ ਨਿਰਦੇਸ਼ਾ ਤਹਿਤ ਸੀ.ਜੇ.ਐੱਮ.-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਡਾ. ਅਮਨਦੀਪ ਵੱਲੋ ਮਿਤੀ 11.11.2025 ਨੂੰ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫਤਰ ਵਿਖੇ ਸਥਾਪਿਤ ਕਾਨੂੰਨੀ ਸੇਵਾਵਾਂ ਕਲੀਨਿਕ ਦਾ ਅਚਨਚੇਤ ਨਿਰੀਖਣ ਕੀਤਾ ਗਿਆ । ਇਸ ਨਿਰੀਖਣ ਦੌਰਾਨ ਉਨ੍ਹਾਂ ਵੱਲੋ ਕਾਨੂੰਨੀ ਸੇਵਾਵਾਂ ਕਲੀਨਿਕ 'ਚ ਤਾਇਨਾਤ ਪੈਰਾ ਲੀਗਲ ਵਲੰਟੀਅਰ ਸ਼੍ਰੀ ਦੇਸ ਰਾਜ ਬਾਲੀ ਨਾਲ ਮੁਲਾਕਾਤ ਕੀਤੀ ਅਤੇ ਕਾਨੂੰਨੀ ਸੇਵਾਵਾਂ ਕਲੀਨਿਕ ਦੇ ਰਜਿਸਟਰਾਂ ਦੀ




ਜਾਂਚ ਕੀਤੀ । ਇਸ ਮੌਕੇ ਉਹਨ੍ਹਾਂ ਵੱਲੋ ਦੱਸਿਆ ਕਿ ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਿਟੀ (ਕਾਨੂੰਨੀ ਸੇਵਾਵਾਂ ਕਲੀਨਿਕ)ਨਿਯਮ 2011'ਚ ਸ਼ਾਮਿਲ ਉਪਬੰਧਾਂ ਦੇ ਅਨੁਸਾਰ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਿਟੀ ਨੇ ਰਾਜ/ਜ਼ਿਲ੍ਹਾ ਰੱਖਿਆ ਭਲਾਈ ਸੇਵਾਵਾਂ ਦਫ਼ਤਰਾਂ 'ਚ ਸਥਾਪਿਤ ਕਾਨੂੰਨੀ ਸੇਵਾਵਾਂ ਕਲੀਨਿਕਾਂ ਦੇ ਪ੍ਰਭਾਵਸ਼ਾਲੀ ਕੰਮਕਾਜ ਨੂੰ ਯਕੀਨੀ ਬਣਾਉਣ ਲਈ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ ਹਨ । ਉਨ੍ਹਾਂ ਦੱਸਿਆ ਕਿ ਕਾਨੂੰਨੀ ਸੇਵਾਵਾਂ ਕਲੀਨਿਕ ਕੰਮਕਾਜੀ ਦਿਨਾਂ ਦੌਰਾਨ ਸਵੇਰੇ 9 ਵਜੇ ਤੋਂ ਲੈ ਕੇ ਸ਼ਾਮ ਦੇ 5 ਵਜੇ ਤੱਕ ਕੰਮ ਕਰੇਗਾ । ਉਨ੍ਹਾਂ ਦੱਸਿਆ ਕਿ ਕਾਨੂੰਨੀ ਸੇਵਾਵਾਂ ਕਲੀਨਿਕ ਰੱਖਿਆ ਕਰਮਚਾਰੀਆਂ, ਉਨ੍ਹਾਂ ਦੇ ਪਰਿਵਾਰਾਂ ਅਤੇ ਆਸ਼ਰਿਤਾਂ ਨੂੰ ਉਨ੍ਹਾਂ ਦੀਆਂ ਕਾਨੂੰਨੀ ਸਮੱਸਿਆਵਾਂ ਨੂੰ ਹੱਲ ਕਰਨ 'ਚ ਮਦਦ ਕਰਨ ਲਈ ਸਿੰਗਲ ਵਿੰਡੋ ਸਹੂਲਤ ਵਾਂਗ ਕੰਮ ਕਰੇਗਾ। ਇਸ ਤੋਂ ਇਲਾਵਾ ਪੈਰਾ ਲੀਗਲ ਵਲੰਟੀਅਰ ਕਾਨੂੰਨੀ ਸੇਵਾਵਾਂ ਦੀ ਮੰਗ ਕਰਨ ਵਾਲੇ ਵਿਅਕਤੀਆਂ ਨੂੰ ਸ਼ੁਰੂਆਤੀ ਸਲਾਹ ਦੇਵੇਗਾ ਅਜਿਹੇ ਵਿਅਕਤੀਆਂ ਨੂੰ ਪਟੀਸ਼ਨ/ਨੋਟਿਸ ਤਿਆਰ ਕਰਨ ਤੇ ਸਰਕਾਰੀ ਯੋਜਨਾਵਾਂ ਅਧੀਨ ਉਪਲੱਬਧ ਵੱਖ-ਵੱਖ ਲਾਭਾਂ ਲਈ ਅਰਜ਼ੀ ਫਾਰਮ ਭਰਨ 'ਚ ਮਦਦ ਕਰੇਗਾ ।

# ਤਰਕਸ਼ੀਲਾਂ ਵੱਲੋਂ ਚੇਤਨਾ ਪ੍ਰੀਖਿਆ ਦਾ ਇਕਾਈ ਪੱਧਰੀ ਨਤੀਜਾ ਐਲਾਨਿਆ - ਸੁਰਿੰਦਰ ਪਾਲ

## ਚੇਤਨਾ ਪ੍ਰੀਖਿਆ ਵਿੱਚ ਵੱਧਦਾ ਰੁਝਾਨ ਵਿਗਿਆਨਕ ਵਿਚਾਰਾਂ ਦੇ ਪਸਾਰੇ ਲਈ ਵਧੀਆ ਸੰਕੇਤ -ਮਾਸਟਰ ਪਰਮਵੇਦ

**ਕੁੜੀਆਂ ਦੀ ਹੋਈ ਬੱਲੇ ਬੱਲੇ**

**ਸੰਗਰੂਰ**
ਵਿਦਿਆਰਥੀਆਂ ਵਿਚ ਵਿਗਿਆਨਕ ਚੇਤਨਾ ਵਿਕਸਤ ਕਰਨ ,ਉਨ੍ਹਾਂ ਨੂੰ ਹਰ ਤਰ੍ਹਾਂ ਦੇ ਵਹਿਮਾਂ ਭਰਮਾਂ ਤੋਂ ਮੁਕਤ ਤੇ ਜਾਗਰੂਕ ਕਰਨ ਦੇ ਮਕਸਦ ਨੂੰ ਲੈ ਕੇ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਹਰ ਸਾਲ ਮਿਡਲ,ਸੈਕੰਡਰੀ ਤੇ ਅਪਰ ਸੈਕੰਡਰੀ ਦੇ ਵਿਦਿਆਰਥੀਆ ਦੀ ਚੇਤਨਾ ਪਰਖ ਪ੍ਰੀਖਿਆ ਕਰਵਾਈ ਜਾਂਦੀ ਹੈ। ਐਤਕੀ ਸੱਤਵੀਂ ਚੇਤਨਾ ਪਰਖ਼ ਪ੍ਰੀਖਿਆ ਮਹਾਨ ਕ੍ਰਾਂਤੀਕਾਰੀ ਬੀਬੀ ਗ਼ਦਰੀ ਗੁਲਾਬ ਕੌਰ ਨੂੰ ਸਮਰਪਿਤ ਕਰਵਾਈ ਗਈ । ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਦੇ ਆਗੂਆਂ ਮਾਸਟਰ ਪਰਮਵੇਦ, ਸੁਰਿੰਦਰ ਪਾਲ,ਸੀਤਾ ਰਾਮ, ਪ੍ਰਗਟ ਸਿੰਘ ਬਾਲੀਆਂ,ਕ੍ਰਿਸ਼ਨ ਸਿੰਘ, ਗੁਰਦੀਪ ਸਿੰਘ ਲਹਿਰਾ, ਜਸਦੇਵ ਸਿੰਘ, ਪਰਮਿੰਦਰ ਸਿੰਘ, ਕਰਤਾਰ ਸਿੰਘ ,ਪ੍ਰਲਾਦ ਸਿੰਘ ,ਹੇਮਰ-ਾਜ,ਪਰਮਜੀਤ ਕੌਰ, ਦੇਵਿੰਦਰ ਕੌਰ ਤੇ ਇਕਬਾਲ ਕੌਰ ਆਧਾਰਿਤ ਤਰਕਸ਼ੀਲ ਟੀਮ ਨੇ ਇਕਾਈ ਪੱਧਰੀ ਨਤੀਜਾ ਘੋਸ਼ਿਤ ਕਰਦਿਆਂ ਦੱਸਿਆ ਕਿ ਸੂਬੇ ਵੱਲੋਂ ਹਰੇਕ ਜਮਾਤ ਦੇ ਸਭ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਪਹਿਲੇ ਤਿੰਨ ਵਿਦਿਆਰਥੀਆਂ ਆਧਾਰਿਤ ਸੂਬਾ ਪੱਧਰੀ ਮੈਰਿਟ ਬਣਾਈ ਗਈ ਹੈ , ਉਸ ਤੋਂ ਅਗਲੇ ਹਰੇਕ ਜਮਾਤ ਦੇ ਦੋ ਸਥਾਨਾਂ ਤੇ ਰਹਿਣ ਵਾਲੇ ਵਿਦਿਆਰਥੀ ਜ਼ੋਨ ਪੱਧਰੀ ਮੈਰਿਟ ਸੂਚੀ ਵਿੱਚ ਹਨ ਹਨ ਤੇ ਉਸ ਤੋਂ ਬਾਅਦ ਪ੍ਰੀਖਿਆ ਵਿੱਚ ਸ਼ਮੂਲੀਅਤ ਦੇ ਆਧਾਰ ਤੇ ਇਕਾਈ ਪੱਧਰੀ ਮੈਰਿਟ ਸੂਚੀ ਬਣਾਈ ਗਈ ਹੈ ।ਇਕਾਈ ਪੱਧਰ ਤੇ ਪਹਿਲੇ ਤਿੰਨ ਸਥਾਨਾਂ ਤੇ ਰਹੇ ਵਿਦਿਆਰਥੀਆਂ ਬਾਰੇ ਦੱਸਿਆ ਕਿ ਛੇਵੀਂ ਜਮਾਤ ਵਿੱਚੋਂ ਬਚਪਨ ਇੰਗਲਿਸ਼ ਸਕੂਲ ਸੰਗਰੂਰ ਦੀ ਪਰਨੀਤੀ ਤਿਵਾੜੀ ਨੇ ਪਹਿਲਾ, ਦੇਵਰ-ਾਜ ਡੀਏਵੀ ਸਕੂਲ ਲਹਿਰਗ-ਾਗਾ ਦੇ ਰਮਨ ਮਿਤਲ ਨੇ ਦੂਜਾ ਤੇ ਸੀਬਾ ਇੰਟਰਨੈਸ਼ਨਲ ਨੈਸ਼ਨਲ ਪਬਲਿਕ ਸਕੂਲ ਲਹਿਰਾਗਾਗਾ ਦੇ ਅਵੀਜੋਤ ਨੇ ਤੀਜਾ ਸਥਾਨ ਪ੍ਰਾਪਤ ਕੀਤਾ, ਸੱਤਵੀਂ ਜਮਾਤ ਵਿੱਚੋਂ ਬਚਪਨ ਸਕੂਲ ਸੰਗਰੂਰ ਦੇ ਖੁਸ਼ਲ ਸਹਿਗਲ ਤੇ ਸੀਬਾ



ਪ੍ਰਨੀਤੀ, ਹਰਪ੍ਰੀਤ ਕੌਰ, ਨਿਸ਼ਠਾ, ਰਣਜੋਧ ਸਿੰਘ, ਸਹਿਜਨੂਰ, ਪ੍ਰਭਜੋਤ ਕੌਰ, ਕਮਲਪ੍ਰੀਤ ਕੌਰ, ਖੁਸ਼ਲ ਸਹਿਗਲ, ਦੀਪਕਪਾਲ ਸਿੰਘ, ਜਪਲੀਨ

ਸਕੂਲ ਲਹਿਰਾਗਾਗਾ ਦੀ ਸਹਿਜਨੂਰ ਕੌਰ ਨੇ ਪਹਿਲਾ,ਸੀਬਾ ਸਕੂਲ ਲਹਿਰਾਗਾਗਾ ਦੀ ਸਿਮਰੀ ਕੌਰ ਨੇ ਦੂਜਾ ਤੇ ਸੀਬਾ ਸਕੂਲ ਦੀ ਹੀ ਹਰਨੂਰਦੀਪ ਨੇ ਤੀਜਾ ਸਥਾਨ ਪ੍ਰਾਪਤ ਕੀਤਾ,ਅੱਠਵੀਂ ਜਮਾਤ ਵਿੱਚ ਸਸਸਸ ਥਲੇਸ ਦੀ ਪ੍ਰਭਜੋਤ ਕੌਰ ਤੇ ਸੀਬਾ ਸਕੂਲ ਦੀ ਨਿਸ਼ਠਾ ਨੇ ਪਹਿਲਾ ਸਥਾਨ, ਸੀਬਾ ਸਕੂਲ ਦੀ ਹਰਜੋਤ ਕੌਰ ਨੇ ਦੂਜਾ ਤੇ ਦੇਵਰਾਜ ਡੀਏਵੀ ਸਕੂਲ ਲਹਿਰਗਾਗਾ ਦੇ ਅਭੀ ਗੋਇਲ ਨੇ ਤੀਜਾ ਸਥਾਨ ਪ੍ਰਾਪਤ ਕੀਤਾ, ਨੌਵੀਂ ਜਮਾਤ ਵਿੱਚ ਸੀਬਾ ਸਕੂਲ ਲਹਿਰਾਗਾਗਾ ਦੇ ਰਣਜੋਧ ਸਿੰਘ ਨੇ ਪਹਿਲਾ ,ਬਚਪਨ ਇੰਗਲਿਸ਼ ਸਕੂਲ ਸੰਗਰੂਰ ਦੀ ਅਨਵੀ ਨੇ ਦੂਜਾ ਤੇ ਸੀਬਾ ਸਕੂਲ ਲਹਿਰਾਗਾਗਾ ਦੇ ਪੁਸ਼ਪ੍ਰੀਤ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ ,ਦਸਵੀਂ ਜਮਾਤ ਵਿੱਚ ਬਚਪਨ ਸਕੂਲ ਦੀ ਜਪਲੀਨ ਕੌਰ ਨੇ ਪਹਿਲਾ,ਬਚਪਨ ਸਕੂਲ ਦੇ ਹੀ ਭਵਜੀਤ ਸਿੰਘ ਨੇ ਦੂਜਾ ਤੇ ਦੇਵਰਾਜ ਡੀਏਵੀ ਸਕੂਲ ਲਹਿਰਗਾਗਾ ਦੀ ਮਨਜੋਤ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ , ਗਿਆਰਵੀਂ ਜਮਾਤ ਵਿੱਚ ਸਸਸਸ ਮਹਿਲਾਂ ਦਾ ਦੀਪਕਪਾਲ ਸਿੰਘ ਤੇ ਮਹਿਲਾਂ ਸਕੂਲ ਦੀ ਹੀ ਕਮਲਪ੍ਰੀਤ ਕੌਰ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ,ਬਾਰਵੀਂ ਜਮਾਤ ਵਿੱਚ ਸਸਸਸ ਮਹਿਲਾਂ ਦੀ ਹਰਪ੍ਰੀਤ ਕੌਰ ਨੇ ਪਹਿਲਾ ਤੇ ਮਹਿਲਾਂ ਸਕੂਲ ਦੀ ਪ੍ਰਭਜੋਤ ਕੌਰ ਤੇ ਸਸਸਸ ਬਡਰੁੱਖਾਂ ਦੀ ਸਾਰੀਕਾ ਅਰੋੜਾ ਨੇ ਦੂਜਾ ਸਥਾਨ ਪ੍ਰਾਪਤ ਕੀਤਾ।

ਆਗੂਆਂ ਦੱਸਿਆ ਕਿ ਸਥਾਨਕ ਇਕਾਈ ਦੇ 35 ਸਕੂਲਾਂ ਦੇ 534 ਮਿਡਲ ਤੇ 487 ਸੈਕੰਡਰੀ ਕੁੱਲ 1021 ਵਿਦਿਆਰਥੀਆਂ ਨੇ 12 ਪ੍ਰੀਖਿਆ ਕੇਂਦਰਾਂ ਵਿੱਚ ਪ੍ਰੀਖਿਆ ਦਿੱਤੀ ਸੀ । ਉਨ੍ਹਾਂ ਅੱਗੇ ਕਿਹਾ ਕਿ ਸੰਗਰੂਰ ਇਕਾਈ ਪੱਧਰੀ ਮੈਰਿਟ ਵਿੱਚ ਹਰੇਕ ਜਮਾਤ ਵਿੱਚੋਂ ਘੱਟੋ ਘੱਟ ਪਹਿਲੇ ਪੰਜ ਸਥਾਨਾਂ ਤੇ ਰਹਿਣ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਸਮਾਗਮ ਵਿੱਚ ਵਿਗਿਆਨਕ ਵਿਚਾਰਾਂ ਵਾਲੀਆਂ ਕਿਤਾਬਾਂ ,ਯਾਦਗਾਰੀ ਚਿੰਨ੍ਹ ਤੇ ਸਨਮਾਨ ਪੱਤਰ ਦੇ ਕੇ ਤੇ ਸਹਿਯੋਗੀ ,ਹਮਦਰਦ ਅਧਿਆਪਕਾਂ, ਸਕੂਲ ਮੁਖੀਆਂ ਤੇ ਪਤਵੰਤਿਆਂ ਨੂੰ ਵੀ ਸਨਮਾਨ ਪੱਤਰ ਦੇ ਕੇ ਸਨਮਾਨਤ ਕੀਤਾ ਜਾਵੇਗਾ। ਪ੍ਰੀਖਿਆ ਵਿੱਚ 35% ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਵੀ ਵੀ ਸਨਮਾਨ ਪੱਤਰ ਦਿੱਤੇ ਜਾਣਗੇ।



**ਮਾਸਟਰ ਪਰਮਵੇਦ**
**ਤਰਕਸ਼ੀਲ ਆਗੂ**
**ਤਰਕਸ਼ੀਲ ਸੁਸਾਇਟੀ ਪੰਜਾਬ**
**9417422349**

# ਸੇਵਾਮੁਕਤ IRS, ਚੀਫ ਇਨਕਮ ਟੈਕਸ ਕਮਿਸ਼ਨਰ ਸ਼੍ਰੀ ਬੀ.ਡੀ. ਕਲੇਰ ਨੇ ਬੋਧੀਸਤਵ ਅੰਬੇਡਕਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦਾ ਦੌਰਾ ਕੀਤਾ





**ਸਮਾਜ ਵੀਕਲੀ ਯੂ ਕੇ ਜਲੰਧਰ** – ਸ਼੍ਰੀ ਬੀ.ਡੀ. ਕਲੇਰ, ਸੇਵਾਮੁਕਤ IRS, ਚੀਫ ਇਨਕਮ ਟੈਕਸ ਕਮਿਸ਼ਨਰ, ਨੇ ਬੋਧੀਸਤਵ ਅੰਬੇਡਕਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਫੂਲਪੁਰ ਧਨਾਲ, ਜਲੰਧਰ ਦਾ ਦੌਰਾ ਕੀਤਾ। ਉਹ ਇੱਕ ਸੱਚੇ ਅੰਬੇਡਕਰਵਾਦੀ ਹਨ ਜੋ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਦੇ ਮਿਸ਼ਨ ਨੂੰ ਅੱਗੇ ਵਧਾਉਣ ਲਈ ਲਗਾਤਾਰ ਯਤਨਸ਼ੀਲ ਹਨ। ਸਕੂਲ ਦੇ ਚੇਅਰਮੈਨ, ਸਤਿਕਾਰਯੋਗ ਸ਼੍ਰੀ ਸੋਹਨ ਲਾਲ ਗਿੰਡਾ ਅਤੇ ਸੋਸਾਇਟੀ ਮੈਂਬਰ ਸ਼੍ਰੀ ਹੁਸਨ ਲਾਲ ਦੁਆਰਾ ਉਨ੍ਹਾਂ ਦਾ ਸਵਾਗਤ ਕੀਤਾ ਗਿਆ। ਉਨ੍ਹਾਂ ਨੇ ਸਕੂਲ ਵਿੱਚ ਐਨਸੀਸੀ ਕੈਡਿਟਾਂ ਨਾਲ ਮੁਲਾਕਾਤ ਕੀਤੀ। ਕੈਡਿਟਾਂ ਨੇ ਉਨ੍ਹਾਂ ਨੂੰ ਗਾਰਡ ਆਫ਼ ਆਨਰ ਪੇਸ਼ ਕੀਤਾ। ਉਨ੍ਹਾਂ ਨੇ ਬੱਚਿਆਂ ਨੂੰ ਚੰਗੇ ਦੇਸ਼ ਭਗਤ ਬਣਨ ਅਤੇ ਬਾਬਾ ਸਾਹਿਬ ਦੇ ਆਦਰਸ਼ਾਂ ਦੀ ਪਾਲਣਾ ਕਰਨ ਲਈ ਪ੍ਰੇਰਿਤ ਕੀਤਾ। ਉਹ ਸਕੂਲ ਦੀ ਸ਼ੁਰੂਆਤ ਤੋਂ ਹੀ ਸਕੂਲ ਨਾਲ ਜੁੜੇ ਹੋਏ ਹਨ ਅਤੇ ਹਰ ਤਰ੍ਹਾਂ ਨਾਲ ਇਸਦਾ ਸਮਰਥਨ ਕਰਦੇ ਹਨ। ਇਸ ਵਾਰ ਵੀ ਉਨ੍ਹਾਂ ਨੇ ਸਕੂਲ ਦੇ ਵਿਕਾਸ ਲਈ ₹1 ਲੱਖ ਦਾਨ ਕੀਤਾ। ਸੋਸਾਇਟੀ ਮੈਂਬਰਾਂ ਨੇ ਉਨ੍ਹਾਂ ਦਾ ਧੰਨਵਾਦ ਕੀਤਾ।

**ਸਕੂਲ ਸੰਬੰਧੀ ਕਿਸੇ ਵੀ ਜਾਣਕਾਰੀ ਲਈ, ਕਿਰਪਾ ਕਰਕੇ ਸੰਪਰਕ ਕਰੋ:**

**ਸ਼੍ਰੀ ਹੁਸਨ ਲਾਲ:** 9988393442



# ਦੁਆਬੇ ਦੇ ਇਤਿਹਾਸਿਕ ਪਿੰਡ ਵਿਰਕ ਵਿਖੇ ਗੁਰੂ ਨਾਨਕ ਗੁਰਪੁਰਬ ਸ਼ਰਧਾ ਭਾਵਨਾ ਨਾਲ ਮਨਾਇਆ









**ਸਮਾਜ ਵੀਕਲੀ ਯੂ ਕੇ**

ਸਿੱਖ ਧਰਮ ਦੇ ਬਾਨੀ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 556ਵੇਂ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ ਦੁਆਬੇ ਦੇ ਇਤਿਹਾਸਿਕ ਪਿੰਡ ਵਿਰਕ ਦੇ 108 ਸੰਤ ਬਾਬਾ ਫੂਲਾ ਸਿੰਘ ਜੀ ਗੁਰਦੁਆਰਾ ਸਾਹਿਬ ਵਿਖੇ ਸ਼ੁੱਕਰਵਾਰ 7 ਨਵੰਬਰ ਨੂੰ ਸਵੇਰੇ 11 ਵਜੇ ਸ਼੍ਰੀ ਅਖੰਡ ਪਾਠ ਸਾਹਿਬ ਆਰੰਭ ਹੋਏ, ਜਿਨ੍ਹਾਂ ਦੇ ਭੋਗ ਐਤਵਾਰ 9 ਨਵੰਬਰ ਨੂੰ 11 ਵਜੇ ਪਾਏ ਗਏ। ਤਿੰਨੇ ਦਿਨ ਅਣਗਿਣਤ ਨਾਨਕ ਨਾਮ ਲੇਵਾ ਸੰਗਤਾਂ ਨੇ ਤਨ-ਮਨ-ਧੰਨ ਨਾਲ ਸੇਵਾ ਕਰਕੇ ਆਪਣੇ ਜੀਵਨ ਦੀਆਂ ਘੜੀਆਂ ਸਫ਼ਲ ਕੀਤੀਆਂ ਅਤੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਉਪਰੰਤ ਭਰੇ ਹੋਏ ਦੀਵਾਨ ਹਾਲ ਵਿੱਚ ਗਿਆਨੀ ਹਰਮਿੰਦਰ ਸਿੰਘ ਜੀ ਫਗਵਾੜੇ ਵਾਲਿਆਂ ਦੇ ਕੀਰਤਨ ਜਥੇ ਨੇ ਡੇਢ ਘੰਟੇ ਨਿਰੋਲ ਸ਼ਬਦ ਕੀਰਤਨ, ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਸਿੱਖਿਆਵਾਂ ਤੋਂ ਜਾਣੂ ਕਰਵਾਇਆ। ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਭਾਈ ਗੁਰਪ੍ਰਤਾਪ ਸਿੰਘ ਜੀ ਨੇ ਸਰਬਤ ਦੇ ਭਲੇ ਦੀ ਅਰਦਾਸ ਕੀਤੀ। ਲੰਮੇ ਸਮੇਂ ਤੋਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਭਾਈ ਜਸਵਿੰਦਰ ਸਿੰਘ ਜੀ ਨੇ ਗੁਰਦੁਆਰਾ ਸਾਹਿਬ ਵਲੋਂ ਹੇਠ ਲਿਖੇ ਸੇਵਾਦਾਰਾਂ ਨੂੰ ਸਿਰੋਪਾਓ ਦੀ ਭੇਟ ਕੀਤੀ:

1. ਪ੍ਰੇਮ ਸਿੰਘ ਯੂ.ਕੇ., ਪੱਤੀ ਮਾਲੋਵਿਰਕ
2. ਜੋਗਾ ਸਿੰਘ
3. ਜੋਗਿੰਦਰ ਸਿੰਘ, ਪੱਤੀ ਯਾਦਪੁਰ
4. ਅਵਤਾਰ ਸਿੰਘ ਲੰਬੜਦਾਰ, ਪੱਤੀ ਯਾਦਪੁਰ
5. ਸੁਰਿੰਦਰ ਸਿੰਘ ਬਸਰਾ, ਸਾਬਕਾ ਸਟੇਜ ਸਕੱਤਰ
6. ਤਰਲੋਚਨ ਸਿੰਘ ਵਿਰਕ ਯੂ.ਕੇ., ਪੱਤੀ ਯਾਦਪੁਰ

ਸਮੂਹ ਸੰਗਤਾਂ ਨੇ ਲੰਗਰ ਹਾਲ ਵਿਖੇ ਪੰਗਤ ਵਿੱਚ ਬੈਠ ਕੇ ਗੁਰੂ ਕਾ ਲੰਗਰ ਛਕਿਆ ਜਿਸ ਦੀ ਸੇਵੇ ਵਿਰਕ ਪਿੰਡ ਦੇ ਨੌਜਵਾਨਾਂ ਨੇ ਸ਼ਰਧਾ ਭਾਵਨਾ ਨਾਲ ਨਿਭਾਈ।

# ਦਰਦਾਂ ਦੀ ਦਾਸਤਾਂ

ਦਿਲ ਕੀਹਦੇ ਨਾਲ ਖੋਲ੍ਹਾਂ, ਮੈਨੂੰ ਕੋਈ ਵੀ ਥਿਆਵੇ ਨਾ
ਦਿਲ ਵਾਲ਼ੀ ਗੱਲ ਮੇਰੇ ਬੁੱਲਾਂ ਉੱਤੇ ਆਵੇ ਨਾ
ਸੱਜਣ ਗੁਆਚ ਗਏ ਵਿੱਚ ਨੇ ਹਨੇਰੇ ਦੇ
ਕਾਗ ਕੋਈ ਬੋਲਦਾ ਨੀ ਬੈਠਕੇ ਬਨੇਰੇ ਤੇ
ਸਮਝੇ ਨਾ ਰਮਜਾਂ ਕੋਈ, ਕੀ ਕੀ ਦੁੱਖ ਲੱਗੇ ਨੇ
ਆਪਣਿਆਂ ਨੇ ਦਿੱਤੇ ਦੁੱਖ ਸਭ ਨਾਲੋਂ ਵੱਡੇ ਨੇ
ਚੀਰ ਕੇ ਦਿਖਾਇਆ ਦਿਲ, ਫਿਰ ਵੀ ਸੱਜਣ ਨਰਾਜ ਨੇ
ਮੇਰੇ ਲਈ ਨਿੱਕਲੇ ਨਾ ਦੋ ਅਲਫਾਜ਼ ਨੇ
ਤੇਰੇ ਹਾਂ, ਤੇਰੇ ਰਹਿਣਾ ਜੋ ਕੰਨਾ ਵਿੱਚ ਕਹਿ ਗਏ
ਲੁੱਟ ਸੰਸਾਰ ਮੇਰਾ ਉਹੀ ਲੋਕ ਲੈ ਗਏ
ਵਕਤਾਂ ਦੇ ਨਾਲ ਜੀਣਾ ਸਿੱਖ ਮੈਂ ਵੀ ਲੈਣਾ ਸੀ
ਦਿਲ ਨਾਲੋਂ ਜਿਆਦਾ ਕੰਮ ਦਿਮਾਗ ਕੋਲੋਂ ਲੈਣਾ ਸੀ
ਕਿਹੜੇ ਕਿਹੜੇ ਦੁੱਖ ਦੱਸਾਂ ਸਮਝ ਕੁਝ ਆਏ ਨਾ
ਐਡੇ ਮਾੜੇ ਲੇਖ ਰੱਬਾ ਕੋਈ ਲਿਖਵਾਏ ਨਾ
ਐੱਸ ਪੀ ਇਹ ਦੁਨੀਆ ਨੀ ਪੱਥਰਾਂ ਦਾ ਸ਼ਹਿਰ ਏ
ਨਾਗ ਬਣ ਡੰਗਦੇ ਨੇ ਪੂਰੀ ਤਿੱਖੀ ਜ਼ਹਿਰ ਏ



**ਸਤਿੰਦਰ ਪਾਲ ਸਿੰਘ**
**ਲੈਕਚਰਾਰ ਫਿਜ਼ਿਕਸ**
9888045355

# ਭਾਸ਼ਣ

ਭਾਸ਼ਣ 'ਤੇ ਭਾਸ਼ਣ ਠਾਹ ਭਾਸ਼ਣ।
ਕਦੇ ਉਹ ਭਾਸ਼ਣ ਕਦੇ ਆਹ ਭਾਸ਼ਣ।

ਕਿਤੇ ਭ੍ਰਾਈਓ, ਬਹਿਨੋ ਆਖ ਆਖ ਕੇ,
ਬੁੱਧੂ ਰਿਹਾ ਬਣਾ ਭਾਸ਼ਣ।

ਕਿਤੇ ਹੋਰ ਨਾ ਚਲਦੀ ਪੇਸ਼ ਵੇਖ,
ਰਿਹਾ ਪੰਥ ਨੂੰ ਖ਼ਤਰੇ ਪਾ ਭਾਸ਼ਣ।

ਕਿਤੇ ਅੰਦਰ ਵੱਸਦੇ ਮਨੂਵਾਦ ਨੂੰ,
ਰਿਹਾ ਜ਼ੁਬਾਨ 'ਤੇ ਲਿਆ ਭਾਸ਼ਣ।

ਕਿਤੇ ਚਾਰ ਸਾਲਾਂ ਤੋਂ ਰੱਟ ਰਿਹਾ
ਕਿ ਆਊਗਾ ਬਦਲਾਅ ਭਾਸ਼ਣ।

ਖਿੱਚੀ ਜਾਂਦਾ ਬੱਸ ਜਨਤਾ ਦਾ..,
ਪਰ ਚਮਚਿਆਂ ਲਈ ਵਾਹ ਵਾਹ ਭਾਸ਼ਣ।

ਜਦ ਤੱਕ ਨਹੀਂ ਸੁਣਨਾ ਬੰਦ ਹੁੰਦਾ,
ਵਿੱਚ ਰੈਲੀਆਂ ਦੇ ਜਾ ਜਾ ਭਾਸ਼ਣ।

ਸਿਖਿਆ, ਰੁਜ਼ਗਾਰ ਤੇ ਸਿਹਤ ਵਾਲ਼ੇ,
ਸਭ ਬੰਦ ਰੱਖੂਗਾ ਰਾਹ ਭਾਸ਼ਣ।

ਮੰਗਤਿਆਂ ਦੇ ਵਾਂਗੂੰ ਬੱਸ ਬਖਸ਼ੂ,
ਆਟਾ, ਦਾਲ਼ਾਂ ਤੇ ਚਾਹ ਭਾਸ਼ਣ।

ਜਦ ਖਾਲੀ ਕੁਰਸੀਆਂ ਨੇ ਸੁਣਿਆ,
ਗੱਲ ਦੇਊਗਾ ਖਾਨੇ ਪਾ ਭਾਸ਼ਣ

ਕਿ ਲੋਕੀ ਵਾਧੂ ਵਿਹਲੇ ਨੀ',
ਸੁਣਨੇ ਨੂੰ ਥੋਡਾ ਸੁਆਹ ਭਾਸ਼ਣ।

ਹੁਣ ਪਿੰਡ ਘੜਾਮੇਂ ਰੋਮੀਆਂ ਵੇ,
ਬੰਦ ਕਰ ਆਪਣਾ ਵੀ ਆਹ ਭਾਸ਼ਣ।

ਭਾਸ਼ਣ 'ਤੇ ਭਾਸ਼ਣ ਠਾਹ ਭਾਸ਼ਣ।
ਕਦੇ ਉਹ ਭਾਸ਼ਣ ਕਦੇ ਆਹ ਭਾਸ਼ਣ।

**ਰੋਮੀ ਘੜਾਮਾਂ**
7717380107





Late Prof. Sant Singh

आप सभी को जानकर प्रसन्नता होगी की
आदरणीय स्वर्गीय प्रोफ.संत सिंह जी तथा स्वर्गीय श्री राम किशोर कपूर जी की
मधुर याद में श्रीमती मलविंदर कौर, डॉ विजय महाजन C.M.D. (टैगोर अस्पताल)
डॉ जगदीप सिंह M.S, डॉ गगनदीप सिंह DNB, (आँखों के विशेषज्ञ) के सहयोग से


Late Sh.Ram Kishore Kapoor

आँखों की जाँच तथा मेडिकल चैकअप कैंप
अपाहिज आश्रम स्थित
लाला राम किशोर कपूर विकलांग सहायता ट्रस्ट भवन
नजदीक एच.एम.वी. कॉलेज जी.टी. रोड जालन्धर में किया जा रहा है
23 नवंबर 2025, दिन रविवार को 10:00 बजे से दोपहर 2:00 बजे तक
जिसमें आँखों की जाँच, लेज़र द्वारा आँखों के ऑप्रेशन (सफेद एवं काला मोतिया),
आँखो की एंजियोग्राफी, आँखों के परदे की जाँच,
फिजियोथेरेपी, दाँतों की जाँच, डिजीटल X-RAY, बल्ड प्रेशर, ECG, बल्ड शुगर
की जाँच मुफ्त में किये जाएंगे। जरुरतमंदो को दवाईयां मुफ्त दी जाएगी।
आप सभी से निवेदन है कि इस कैंप में आएं और सभी सुविधाओं का अधिक से अधिक लाभ उठाये।
निवेदक: तरसेम कपूर (संस्थापक अध्यक्ष) मो. 98143-44383 सुनीता कपूर (सह-अध्यक्ष)
संजय सभरवाल (जनरल सेक्रेटरी) मो. 98140-87070 ललित भल्ला (फाइनेंस सेक्रेटरी) मो. 98159-15950

## ਮਿੰਨੀ ਲੇਖ : ਸ਼੍ਰੋਮਣੀ ਪੁਰਸਕਾਰ ਮੁਕਦਮੇ ਦਾ ਇਤਿਹਾਸ- 4

# ਉਰਦੂ ਦੇ ਤਿੰਨ ਸਾਹਿਤਕਾਰਾਂ ਨੇ ਭੰਬਲ ਭੂਸੇ ਵਿੱਚ ਪਾਉਣ ਵਾਲੀਆਂ ਅਰਜ਼ੀਆਂ ਦੇ ਕੇ ਮੁਕਦਮੇ ਦੀ ਰਫ਼ਤਾਰ ਕੀਤੀ ਮੱਠੀ

**ਮਿੱਤਰ ਸੈਨ ਮੀਤ**

ਭਾਰਤੀ ਦੀਵਾਨੀ ਜ਼ਾਬਤੇ ਵਿੱਚ ਇੱਕ ਕਾਨੂੰਨੀ ਵਿਵਸਥਾ (Order 1 Rule 10 of CPC) ਹੈ ਜਿਸ ਰਾਹੀਂ ਅਦਾਲਤ ਨੂੰ ਇਹ ਅਧਿਕਾਰ ਦਿੱਤਾ ਗਿਆ ਹੈ ਕਿ ਉਹ ਮੁਕਦਮੇ ਦੀ ਸੁਣਵਾਈ ਦੌਰਾਨ ਕਿਸੇ ਵੀ ਅਜਿਹੇ ਵਿਅਕਤੀ ਨੂੰ ਧਿਰ ਬਣਾ ਸਕਦੀ ਹੈ ਜਿਸ ਦੀ ਹਾਜ਼ਰੀ ਨਾਲ ਮੁਕਦਮੇ ਵਿੱਚ ਖੜੇ ਹੋਏ ਸਵਾਲ (ਮੁੱਦੇ) ਪ੍ਰਭਾਵਸ਼ਾਲੀ ਢੰਗ ਨਾਲ ਨਿਪਟਾਏ ਜਾ ਸਕਣ।

ਕਿਉਂਕਿ ਇਸ ਮੁਕਦਮੇ ਵਿੱਚ ਵੱਖ-ਵੱਖ ਸ਼੍ਰੇਣੀਆਂ ਲਈ ਦਿੱਤੇ ਜਾਂਦੇ ਸ਼੍ਰੋਮਣੀ ਪੁਰਸਕਾਰਾਂ ਦੀ ਸਮੁੱਚੀ ਚੋਣ ਨੂੰ ਚੁਣੌਤੀ ਦਿੱਤੀ ਗਈ ਸੀ ਇਸ ਲਈ ਇਸ ਵਿਵਸਥਾ ਅਧੀਨ ਉਰਦੂ ਦੇ ਕਈ ਅਜਿਹੇ ਸਾਹਿਤਕਾਰਾਂ ਵੱਲੋਂ ਅਰਜ਼ੀਆਂ ਦਿੱਤੀਆਂ ਗਈਆਂ ਜਿਨ੍ਹਾਂ ਨੂੰ ਪੁਰਸਕਾਰਾਂ ਲਈ ਚੁਣਿਆ ਨਹੀਂ ਸੀ ਗਿਆ ਅਤੇ ਉਹ ਕਹਿਣਾ ਚਾਹੁੰਦੇ ਸਨ ਕਿ ਪੁਰਸਕਾਰਾਂ ਦੀ ਚੋਣ ਸਹੀ ਨਹੀਂ ਹੋਈ। ਜਾਂ ਅਜਿਹਿਆਂ ਵੱਲੋਂ ਜਿਨ੍ਹਾਂ ਨੂੰ ਪੁਰਸਕਾਰਾਂ ਲਈ ਚੁਣ ਲਿਆ ਗਿਆ ਸੀ ਅਤੇ ਉਹ ਕਹਿਣਾ ਚਾਹੁੰਦੇ ਸਨ ਕਿ ਪੁਰਸਕਾਰਾਂ ਦੀ ਚੋਣ ਸਹੀ ਹੋਈ ਹੈ।

ਉਰਦੂ ਦੇ ਤਿੰਨ ਸਾਹਿਤਕਾਰਾਂ ਨਦੀਮ ਅਹਿਮਦ ਨਦੀਮ (2016), ਮੁਹੰਮਦ ਬਸ਼ੀਰ (2019) ਅਤੇ ਰਹਿਮਾਨ ਅਖ਼ਤਰ (2020) ਨੂੰ 'ਸ਼੍ਰੋਮਣੀ ਉਰਦੂ ਸਾਹਿਤਕਾਰ' ਪੁਰਸਕਾਰਾਂ ਲਈ ਚੁਣਿਆ ਗਿਆ ਸੀ।

ਇਹਨਾਂ ਤਿੰਨਾਂ ਸਾਹਿਤਕਾਰਾਂ ਵੱਲੋਂ, 25 ਜੁਲਾਈ 2022 ਨੂੰ ਕਾਨੂੰਨ ਦੀ ਇਸ ਵਿਵਸਥਾ ਅਧੀਨ ਅਰਜ਼ੀਆਂ ਦੇ ਕੇ ਮੰਗ ਕੀਤੀ ਗਈ ਕਿ ਉਹਨਾਂ ਨੂੰ ਵੀ ਇਸ ਮੁਕਦਮੇ ਵਿੱਚ ਧਿਰ ਬਣਾਇਆ ਜਾਵੇ।



ਆਪਣੀਆਂ ਅਰਜ਼ੀਆਂ ਰਾਹੀਂ ਉਨ੍ਹਾਂ ਨੂੰ ਕਹਿਣਾ ਤਾਂ ਇਹ ਚਾਹੀਦਾ ਸੀ ਕਿ ਪੁਰਸਕਾਰਾਂ ਦੀ ਚੋਣ ਠੀਕ ਹੋਈ ਹੈ। ਅਤੇ ਇਹ ਮੰਗ ਕਰਨੀ ਚਾਹੀਦੀ ਸੀ ਕਿ ਉਨ੍ਹਾਂ ਨੂੰ ਮੁਦਾਲਾ (defendants) ਬਣਾਇਆ ਜਾਵੇ ਤਾਂ ਜੋ ਉਹ ਚੋਣ ਨੂੰ ਠੀਕ ਠਹਿਰਾ ਸਕਣ।

ਪਰ ਆਪਣੀਆਂ ਅਰਜ਼ੀਆਂ ਦੇ 15/15, 20/20 ਪੰਨਿਆਂ ਤੇ ਆਪਣੀਆਂ ਪ੍ਰਾਪਤੀਆਂ ਦਾ (ਬੇਲੋੜਾ) ਵੇਰਵਾ ਦੇ ਕੇ ਵੀ ਇਹ ਨਹੀਂ ਦੱਸਿਆ ਕਿ ਉਨ੍ਹਾਂ ਨੂੰ ਪੁਰਸਕਾਰਾਂ ਲਈ ਚੁਣਿਆ ਹੋਇਆ ਹੈ। ਉਲਟਾ ਦੋ ਸਾਹਿਤਕਾਰਾਂ ਵੱਲੋਂ ਇਹ ਲਿਖਿਆ ਗਿਆ ਕਿ ਯੋਗ ਹੁੰਦੇ ਹੋਏ ਵੀ ਉਨ੍ਹਾਂ ਨੂੰ ਪੁਰਸਕਾਰਾਂ ਲਈ ਨਹੀਂ ਚੁਣਿਆ ਗਿਆ।

ਭਾਵ ਸਾਰੀ ਚੋਣ ਪ੍ਰਕਿਰਿਆ ਗ਼ਲਤ ਹੈ। ਭਾਵ ਉਹ ਸਾਡੇ ਪੱਖ ਨੂੰ ਠੀਕ ਠਹਿਰਾਉਣ ਲੱਗੇ।

ਇਸ ਭੰਬਲ ਭੂਸੇ ਵਿੱਚ 6 ਮਹੀਨੇ ਲੰਘ ਗਏ। ਇਨ੍ਹਾਂ 6 ਮਹੀਨਿਆਂ ਵਿੱਚ 28 ਪੇਸ਼ੀਆਂ ਪਈਆਂ। ਅਖ਼ੀਰ 27 ਜਨਵਰੀ 2023 ਨੂੰ ਅਦਾਲਤ ਵੱਲੋਂ ਇਹ ਤਿੰਨੋਂ ਦਰਖ਼ਾਸਤਾਂ ਰੱਦ ਕਰ ਦਿੱਤੀਆਂ ਗਈਆਂ।

# ਵਿਦਿਆਰਥੀ ਜੀਵਨ ਵਿੱਚ ਖੇਡਾਂ

ਨਚਣੁ ਕੁਦਣੁ ਮਨ ਕਾ ਚਾਉ॥
ਨਾਨਕ ਜਿਨ ਮਨਿ ਭਉ ਤਿਨਾ ਮਨਿ ਭਾਉ॥

ਖੇਡਣਾ ਇੱਕ ਕੁਦਰਤੀ ਪ੍ਰਕਿਰਿਆ ਹੈ। ਸਾਨੂੰ ਕੁੱਤੇ, ਕਤੂਰੇ ਜਾਂ ਕਈ ਵਾਰ ਬਲੂੰਘੜੇ ਆਪਸ ਵਿੱਚ ਖੇਡਦੇ, ਇੱਕ ਦੂਸਰੇ ਮਗਰ ਭੱਜਦੇ ਅਕਸਰ ਵਿਖਾਈ ਦੇ ਜਾਂਦੇ ਹਨ। ਇਕ ਛੋਟਾ ਬੱਚਾ ਆਪਣੇ ਬਿਸਤਰੇ ਜਾਂ ਪੰਘੂੜੇ 'ਤੇ ਪਿਆ ਹੱਥ-ਪੈਰ ਮਾਰਦਾ ਹੈ, ਕੋਲ ਪਏ ਖਿਡੌਣਿਆਂ ਨੂੰ ਫੜ ਕੇ ਜਾਂ ਮੂੰਹ ਵਿੱਚ ਪਾਉਣ ਦਾ ਯਤਨ ਕਰਦੇ ਹੋਏ ਖੁਸ਼ ਹੁੰਦਾ ਹੈ। ਕਈ ਵਾਰ ਆਪਣੇ ਪੈਰ ਦੇ ਅੰਗੂਠੇ ਨੂੰ ਵੀ ਮੂੰਹ ਵਿੱਚ ਪਾਉਣ ਲੱਗ ਜਾਂਦਾ ਹੈ। ਇਸ ਅਵਸਥਾ ਵਿੱਚ ਉਹ ਅਭੋਲ ਪੂਰੀ ਤਰਾਂ ਖੇਡ ਵਿੱਚ ਹੁੰਦਾ ਹੈ। ਬਾਲ ਅਵਸਥਾ ਵਿੱਚ ਸਾਰੇ ਛੋਟੇ-ਛੋਟੇ ਖਿਡੌਣਿਆਂ ਖੇਡਣਾ ਪਸੰਦ ਕਰਨ ਲੱਗ ਪੈਂਦੇ ਹਨ। ਆਪਸ ਵਿੱਚ ਕਿਸੇ ਵੀ ਜਿੱਤ ਹਾਰ ਤੋਂ ਰਹਿਤ ਖੇਡਾਂ ਖੇਡਦੇ ਹਨ। ਇਹਨਾਂ ਖੇਡਾਂ ਦਾ ਉਦੇਸ਼ ਕੇਵਲ ਮਨੋਰੰਜਨ ਹੁੰਦਾ ਹੈ। ਰੋਟੀ-ਪਾਣੀ ਦਾ ਫਿਕਰ ਮਾਂ ਜਾਂ ਦਾਦੀ-ਮਾਂ ਨੂੰ ਹੀ ਹੁੰਦਾ ਹੈ। ਇਹ ਖੇਡਾਂ ਵਧੇਰੇ ਕਰ ਕੇ ਘਰਾਂ ਦੇ ਵਿਹੜਿਆਂ ਜਾਂ ਗਲੀ-ਮੁਹੱਲਿਆਂ ਵਿੱਚ ਖੇਡ ਲਈਆਂ ਜਾਂਦੀਆਂ ਹਨ।

ਜਦੋਂ ਬੱਚਾ ਥੋੜ੍ਹਾ ਵੱਡਾ ਹੁੰਦਾ ਹੈ ਤਾਂ ਆਪਣੇ ਨਾਲੋਂ ਕੁਝ ਵੱਡੀ ਉਮਰ ਦੇ ਬੱਚਿਆਂ ਨਾਲ ਸੁਚੇਤ ਪੱਧਰ 'ਤੇ ਉਹਨਾਂ ਨਾਲ ਖੇਡਦਾ ਹੋਇਆ ਨਵੀਆਂ ਖੇਡਾਂ ਖੇਡਣੀਆਂ ਤੇ ਸਿੱਖਣੀਆਂ ਸ਼ੁਰੂ ਕਰ ਦਿੰਦਾ ਹੈ। ਇਸ ਅਵਸਥਾ ਵਿੱਚ ਹੁਣ ਉਹ ਬੱਚਾ ਇੱਕ ਵਿਦਿਆਰਥੀ ਤੇ ਇੱਕ ਖਿਡਾਰੀ ਹੁੰਦਾ ਹੈ। ਪੜ੍ਹਾਈ ਅਤੇ ਖੇਡ ਵਿੱਚ ਤਾਲ-ਮੇਲ ਰੱਖਣਾ ਸਿੱਖਦਾ ਹੈ ਪਰ ਜ਼ਿਆਦਾ ਝੁਕਾਅ ਖੇਡਣ ਵੱਲ ਹੀ ਹੁੰਦਾ ਹੈ। ਸਕੂਲ ਤੋਂ ਛੁੱਟੀ ਦੇ ਬਾਅਦ ਘਰ ਜਾਣ ਦੀ ਕਾਹਲੀ ਤੇ ਸਾਥੀਆਂ ਨਾਲ ਖੇਡਣ ਦਾ ਚਾਅ ਵਧੇਰੇ ਹੁੰਦਾ ਹੈ। ਖੇਡਾਂ ਵਿਦਿਆਰਥੀਆਂ ਦਾ ਮਨੋਰੰਜਨ ਪਹਿਲ ਦੇ ਆਧਾਰ 'ਤੇ ਕਰਦੀਆਂ ਹਨ। ਇਸ ਦੇ ਨਾਲ-ਨਾਲ ਵਿਦਿਆਰਥੀਆਂ ਵਿੱਚ ਕਈ ਹੋਰ ਸ਼ਰੀਰਕ ਤੇ ਮਾਨਸਿਕ ਗੁਣਾਂ ਦਾ ਸੰਚਾਰ ਵੀ ਸਹਿਜੇ-ਸਹਿਜੇ ਕਰਦੀਆਂ ਰਹਿੰਦੀਆਂ ਹਨ। ਖੇਡਾਂ ਤਿੰਨ ਵੰਨਗੀਆਂ ਦੀਆਂ ਹੁੰਦੀਆਂ ਹਨ ਇਕਹਰੀਆਂ ਖੇਡਾਂ ਜਿਸ ਵਿੱਚ ਹਰੇਕ ਖਿਡਾਰੀ ਇਕੱਲਾ ਹੀ ਆਪਣੇ ਵਿਰੋਧੀ ਖਿਡਾਰੀਆਂ ਨਾਲ ਮੁਕਾਬਲਾ ਕਰਦਾ ਹੈ ਜਿਵੇਂ ਦੌੜ, ਪਹਿਲਵਾਨੀ, ਛਾਲਾਂ, ਜਿਮਨ-ਾਸਟਿਕ ਆਦਿ। ਟੀਮ ਵਾਲੀਆਂ ਖੇਡਾਂ ਜਿਸ ਵਿੱਚ ਖਿਡਾਰੀਆਂ ਦੀਆਂ ਦੋ ਟੋਲੀਆਂ ਆਪਸ ਵਿੱਚ ਖੇਡਦੀਆਂ ਹਨ ਜਿਵੇਂ ਖੋ-ਖੋ, ਕ੍ਰਿਕਟ, ਫ਼ੁਟਬਾਲ, ਵਾਲੀਬਾਲ ਆਦਿਕ ਤੀਸਰੀ ਵੰਨਗੀ ਉਹ ਹੈ ਜਿਸ ਇਕੱਲਾ ਇਕੱਲਾ ਖਿਡਾਰੀ ਆਪਣੀ ਬਾਰੀ ਅਨੁਸਾਰ ਦੂਸਰਿਆਂ ਦੇ ਨਾਲ ਖੇਡਦਾ ਹੈ ਜਿਵੇਂ ਬੰਦਰ ਕੀਲਾ, ਛੂਹਣ ਛਲੀਕਾ, ਅੰਨਾ ਝੋਟਾ, ਬੰਟੇ ਆਦਿ। ਪੁਰਾਤਨ ਸਮੇਂ ਵਿੱਚ ਸਾਡੀਆਂ ਲੋਕ-ਖੇਡਾਂ ਪੰਜਾਬੀ ਸੱਭਿਆਚਾਰ ਦਾ ਵਿਸ਼ੇਸ਼ ਅੰਗ ਸਨ।

ਸਾਰਿਆਂ ਨਾਲੋਂ ਪਹਿਲਾ ਗੁਣ ਤੰਦਰੁਸਤੀ ਹੈ। ਖੇਡਾਂ ਨਾਲ ਸਰੀਰਕ ਮਜ਼ਬੂਤੀ ਪ੍ਰਾਪਤ ਹੁੰਦੀ ਹੈ। ਕਮਜ਼ੋਰ ਸ਼ਰੀਰ ਤਾਕਤ ਫੜਦਾ ਹੈ ਤੇ ਜੇ ਕਿਸੇ ਬਿਮਾਰੀ ਜਾਂ ਹੋਰ ਕਾਰਨਵਸ਼ ਸ਼ਰੀਰ ਭਾਰਾ ਹੈ ਤਾਂ ਖੇਡਾਂ ਉਸ ਨੂੰ ਸੰਤੁਲਿਤ ਕਰਦੀਆਂ ਹਨ ਜਾਂ ਉਹ ਵਿਦਿਆਰਥੀ ਉਸ ਖੇਡ ਵੱਲ੍ਹ ਜਾ ਸਕਦਾ ਹੈ ਜਿਸ ਵਿੱਚ ਸ਼ਰੀਰਕ ਬਲ ਦੀ ਜ਼ਿਆਦਾ ਲੋੜ ਹੁੰਦੀ ਹੈ ਜਿਵੇਂ ਪਹਿਲਵਾਨੀ, ਭਾਰ ਚੁੱਕਣਾ, ਗੋਲਾ ਸੁੱਟਣਾ ਆਦਿ। ਕਿਸੇ ਸਮੇਂ ਔਰਤ ਨੂੰ ਘਰ ਦੀ ਚਾਰ ਦੀਵਾਰੀ ਵਿੱਚ ਹੀ ਸੀਮਤ ਰੱਖਿਆ ਜਾਂਦਾ ਸੀ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਾਨਵਵਾਦੀ ਵਿਚਾਰ ਪ੍ਰਗਟ ਕਰਦੇ ਹੋਏ ਕਿਹਾ ਸੀ

ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

ਸਮੇਂ ਦੇ ਗੇੜ ਨਾਲ ਹੁਣ ਕੁੜੀਆਂ ਨੂੰ ਵੀ ਮੁੰਡਿਆਂ ਦੇ ਬਰਾਬਰ ਹੱਕ ਮਿਲ ਚੁੱਕੇ ਹਨ। ਘਰ ਦੀ ਚਾਰ ਦੀਵਾਰੀ ਤੋਂ ਨਿੱਕਲ ਕੇ ਭਾਰਤੀ ਕੁੜੀਆਂ ਅਤੇ ਇਸਤਰੀਆਂ ਦੇਸ਼ ਅਤੇ ਵਿਦੇਸ਼ ਦੇ ਖੇਡ ਮੈਦਾਨਾਂ ਵਿੱਚ ਜਿੱਤ ਦੇ ਪਰਚਮ ਲਹਿਰਾ ਰਹੀਆਂ ਹਨ। ਕੁਝ ਦਿਨ ਪਹਿਲਾਂ ਭਾਰਤ ਦੀ ਮਹਿਲਾ ਕ੍ਰਿਕਟ ਟੀਮ ਵਿਸ਼ਵ ਚੈਂਪੀਅਨ ਬਣੀ ਹੈ, ਨੂੰ ਮੁਬਾਰਕਾਂ ਹਨ। ਖਿਡਾਰਨਾਂ ਦੇ ਮਾਪੇ, ਪਰਿਵਾਰਕ ਮੈਂਬਰ ਅਤੇ ਕੋਚ ਵਧਾਈ ਦੇ ਪਾਤਰ ਹਨ। ਇਸ ਤੋਂ ਪਹਿਲਾਂ ਹੋਰ ਵੀ ਕਈ ਖਿਡਾਰਨਾਂ ਵੱਖ-ਵੱਖ ਮਹਿਲਾ ਖੇਡ ਮੁਕਾਬਲਿਆਂ ਵਿੱਚ ਵਧੀਆ ਨਾਮ ਕਮਾ ਚੁੱਕੀਆਂ ਹਨ ਜਿਵੇਂ ਪੀ.ਟੀ. ਊਸ਼ਾ, ਸਾਈਨਾ ਨੇਹਵਾਲ, ਸਾਨੀਆ ਮਿਰਜ਼ਾ, ਵਿਨੇਸ਼ ਫੋਗਾਟ, ਪੀ.ਵੀ. ਸੰਧੂ, ਹਰਮਨ ਪ੍ਰੀਤ ਕੌਰ, ਹਿਮਾ ਦਾਸ, ਰਾਣੀ ਰਾਮਪਾਲ ਮੈਰੀ ਕੋਮ ਅਤੇ ਹੋਰ ਵੀ ਕਈ ਖਿਡਾਰਨਾਂ ਹਨ।

ਖੇਡਾਂ ਵਿਦਿਆਰਥੀਆਂ ਵਿੱਚ ਅਨੁਸ਼ਾਸਨ ਅਤੇ ਮਿਲਵਰਤਨ ਦੀ ਭਾਵਨਾ ਦਾ ਵਧੀਆ ਸੰਚਾਰ ਕਰਦੀਆਂ ਹਨ। ਅਨੁਸ਼ਾਸਿਤ ਖਿਡਾਰੀ ਆਪਣੇ ਉਸਤਾਦ ਦੀ ਸਿੱਖਿਆ ਅਤੇ ਮੈਦਾਨ ਵਿੱਚ ਆਪਣੀ ਟੀਮ ਦੇ ਬਾਕੀ ਖਿਡਾਰੀਆਂ ਨਾਲ ਤਾਲ-ਮੇਲ ਬਣਾ ਕੇ ਜਿੱਤ ਵੱਲ ਵੱਧਦੇ ਹਨ। ਜ਼ਿੰਦਗੀ ਤੇ ਖੇਡਾਂ ਵਿੱਚ ਹਰ ਸਮੇਂ ਸਫਲਤਾ ਹੀ ਨਹੀਂ ਮਿਲਦੀ ਹੈ। ਹਾਰ ਸਵੀਕਾਰ ਕਰਦੇ ਹੋਏ ਦੁਬਾਰਾ ਜੂਝਣ ਦਾ ਜਜ਼ਬਾ ਇੱਕ ਖਿਡਾਰੀ ਵਿੱਚ ਵਧੇਰੇ ਹੁੰਦਾ ਹੈ। ਜਿੱਤ ਅਤੇ ਹਾਰ ਖੇਡ ਦੇ ਹਿੱਸੇ ਹਨ। ਕਿਸੇ ਵੀ ਹਾਰ ਅਤੇ ਜਿੱਤ ਨੂੰ ਦਿਮਾਗ ਤੇ ਹਾਵੀ ਨਹੀਂ ਹੋਣ ਦੇਣਾ ਚਾਹੀਦਾ ਹੈ। ਕੋਈ ਵੀ ਜਿੱਤ-ਹਾਰ ਖੇਡ ਦੇ ਅਭਿਆਸ ਅਤੇ ਪ੍ਰਦਰਸ਼ਨ ਨੂੰ ਪ੍ਰਭਾਵਿਤ ਕਰ ਸਕਦੀ ਹੈ। ਭਾਰਤ ਇੱਕ ਵਿਭਿੰਨਤਾਵਾਂ ਭਰਪੂਰ ਮੁਲਕ ਹੈ। ਜਦੋਂ ਕਿਸੇ ਖਿਡਾਰੀ ਦੀ ਚੋਣ ਕਿਸੇ ਟੀਮ ਵਿੱਚ ਹੋ ਜਾਂਦੀ ਹੈ ਤਾਂ ਜੀਵਨ ਦੇ ਕਿਸੇ ਵਿਸ਼ੇਸ਼ ਪੱਖ ਦੇ ਆਧਾਰ 'ਤੇ ਪੱਖ-ਪਾਤ ਨਹੀਂ ਹੁੰਦਾ ਹੈ। ਜੇਤੂ ਖਿਡਾਰੀ ਆਪਣੇ ਪ੍ਰਾਂਤ ਤੇ ਦੇਸ਼ ਦਾ ਗੌਰਵ ਹੁੰਦਾ ਹੈ। ਇਸ ਵਾਰ ਦੀਆਂ ਉਲੰਪਿਕ ਖੇਡਾਂ ਵਿੱਚ ਆਪਣੇ ਮੁਲਕ ਦੇ ਖਿਡਾਰੀਆਂ ਦਾ ਵਧੀਆ ਪ੍ਰਦਰਸ਼ਨ ਰਿਹਾ ਹੈ। ਮਿਹਨਤ, ਅਨੁਸ਼ਾਸਨ, ਸਹੀ ਸਿੱਖਿਆ ਨਾਲ ਹੋਰ ਮੁਕਾਬਲਿਆਂ ਵਿੱਚ ਇਨਾਮ ਜਿੱਤ ਸਕਦੇ ਹਨ। ਸਰਕਾਰੀ ਨੌਕਰੀਆਂ ਵਿੱਚ ਖਿਡਾਰੀਆਂ ਲਈ ਕੁਝ ਸੀਟਾਂ ਵੀ ਰਾਖਵੀਆਂ ਹੁੰਦੀਆਂ ਹਨ।

ਪਿਛਲੇ ਕੁਝ ਸਾਲਾਂ ਤੋਂ ਜ਼ਿਆਦਾਤਰ ਵਿਦਿਆਰਥੀਆਂ ਦਾ ਰੁਝਾਨ ਖੇਡਾਂ ਤੋਂ ਘੱਟ ਕੇ ਮੋਬਾਈਲ ਫ਼ੋਨਾਂ ਦੀ ਵਰਤੋਂ ਵੱਲ ਵੱਧ ਗਿਆ ਹੈ। ਇਹ ਚਿੰਤਾ ਅਤੇ ਚਿੰਤਨ ਦਾ ਵਿਸ਼ਾ ਹੈ। ਮੋਬਾਈਲ ਫ਼ੋਨਾਂ ਦੀ ਜ਼ਿਆਦਾ ਵਰਤੋਂ ਵਿਦਿਆਰਥੀਆਂ ਦੀ ਸਿਹਤ, ਅੱਖਾਂ, ਸੁਭਾਅ ਅਤੇ ਸਮਾਜਿਕ ਜੀਵਨ 'ਤੇ ਵਿਪਰੀਤ ਪ੍ਰਭਾਵ ਪਾ ਰਹੀ ਹੈ। ਜੇ ਕਰ ਮੋਬਾਈਲ ਫ਼ੋਨਾਂ ਦੀ ਵਰਤੋਂ ਸੀਮਤ ਹੋ ਜਾਵੇ ਤਾਂ ਵਧੀਆ ਰਹੇਗਾ। ਉੱਧਰ ਖੇਡ ਦੇ ਮੈਦਾਨ ਦੇ ਚੰਗੇ ਖਿਡਾਰੀ ਵਿੱਦਿਅਕ ਖੇਤਰ ਵਿੱਚ ਵੀ ਵਧੀਆ ਨਿੱਕਲ ਸਕਦੇ ਹਨ। ਸਲਾਨਾ ਨਤੀਜੇ ਵਿੱਚ ਵਧੀਆ ਕਾਰਗੁਜ਼ਾਰੀ ਵਾਲ਼ੇ ਖਿਡਾਰੀਆਂ ਨੂੰ ਵਿਸ਼ੇਸ਼ (ਗ੍ਰੇਸ) ਅੰਕ ਦਿੱਤੇ ਜਾਂਦੇ ਹਨ ਅਤੇ ਕਈ ਖਿਡਾਰੀ ਸਲਾਨਾ ਪ੍ਰੀਖਿਆ ਦੀ ਮੈਰਿਟ ਵਿੱਚ ਵੀ ਆਉਂਦੇ ਹਨ। ਖਿਡਾਰੀਆਂ ਲਈ ਇੱਕ ਸੁਝਾਅ ਹੈ ਕਿ ਖਿਡਾਰੀ ਆਪਣੀ ਖੇਡ ਦੀ ਆੜ ਵਿੱਚ ਪੜ੍ਹਾਈ ਤੋਂ ਬਚਣ ਦੀ ਕੋਸ਼ਿਸ਼ ਨਾ ਕਰਨ। ਇਹ ਭੁਲੇਖਾ ਵੀ ਕੱਢ ਦੇਣਾ ਚਾਹੀਦਾ ਹੈ ਕਿ ਉਹਨਾਂ ਦੀ ਸਿਰਫ ਖੇਡ ਹੀ ਉਹਨਾਂ ਨੂੰ ਪਾਸ ਕਰਵਾ ਦੇਵੇਗੀ। ਚੰਗੇ ਭਵਿੱਖ ਤੇ ਜ਼ਿੰਮੇਵਾਰ ਨਾਗਰਿਕ ਬਣਨ ਲਈ ਵਿਦਿਆਰਥੀਆਂ ਨੂੰ ਖੇਡ ਅਤੇ ਵਿਹਾਰਕ ਵਿੱਦਿਆ ਵਿੱਚ ਸੰਤੁਲਨ ਬਣਾ ਕੇ ਰੱਖਣਾ ਚਾਹੀਦਾ ਹੈ।



**ਮਨਜੀਤ ਸਿੰਘ ਬੱਧਣ**

Samaj Weekly
# ਸਮਾਜ ਵੀਕਲੀ
Punjabi, Hindi & English Newspaper - UK & EU Edition


## ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

**ਸਾਡੇ ਵਟਸਅੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ**




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜ਼ਾਨਾ PDF ਉਹ ਵੀ ਬਿਲਕੁਲ ਮੁੱਫਤ

**ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।**

**+44 7878 456484**

**email:-Samajweekly@gmail.com**